**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ੍ਰੀ ਸੁਖਚੈਨ ਸਿੰਘ ਪੁੱਤਰ ਸ੍ਰੀ ਕਰਨੈਲ ਸਿੰਘ
ਪਿੰਡ ਕਲਾਂ ਤਹਿਸੀਲ ਅਤੇ ਬਲਾਕ ਖਡੂਰ ਸਾਹਿਬ, ਜ਼ਿਲ੍ਹਾ ਤਰਨਤਾਰਨ ----ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ
ਬੀ.ਡੀ.ਪੀ.ਓ. ਖਡੂਰ ਸਾਹਿਬ ਜਿਲ੍ਹਾ ਤਰਨਤਾਰਨ

ਪਹਿਲੀ ਅਪੀਲੀ ਅਥਾਰਟੀ, ਦਫਤਰ ਡੀ.ਡੀ.ਪੀ.ਓ. ਤਰਨਤਾਰਨ -----ਉੱਤਰਦਾਤਾ

**ਅਪੀਲ ਕੇਸ ਨੰ: 2707 ਆਫ 2018**

**ਹਾਜ਼ਰ:**

1. ਅਪੀਲਕਰਤਾ ਵਲੋਂ ਕੋਈ ਨਹੀਂ।
2. ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਕੋਈ ਨਹੀਂ।

**ਹੁਕੱਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 08-12-2017, ਲੋਕ ਸੂਚਨਾ ਅਧਿਕਾਰੀ ਦਫਤਰ ਬੀ.ਡੀ.ਪੀ.ਓ. ਖਡੂਰ ਸਾਹਿਬ ਜਿਲ੍ਹਾ ਤਰਨਤਾਰਨ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਪਿੰਡ ਕਲਾਹ ਵਿਚ ਗਰਾਮ ਪੰਚਾਇਤ ਕਲਾਹ ਵਲੋਂ ਸਾਲ 2008-09 ਤੋਂ 2017-18 ਦੌਰਾਨ ਪ੍ਰਾਪਤ ਗ੍ਰਾਂਟਾ ਨਾਲ ਸਬੰਧਤ 07 ਨੁਕਤਿਆਂ ਸਬੰਧੀ ਸੂਚਨਾ ਮੰਗੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 25-01-2018 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 10-08-2018 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ। ਇਸ ਕੇਸ ਵਿਚ ਪੂਰਵਲੇ ਕਮਿਸ਼ਨ ਸ੍ਰੀ ਯਸ਼ਵੀਰ ਮਹਾਜਨ ਜੀ ਵਲੌਂ ਉਤਰਦਾਤਾ ਨੂੰ ਪੈਨਲਟੀ ਅਤੇ ਜੁਰਮਾਨੇ ਦੇ ਨਾਲ ਨਾਲ ਹਦਾਇਤ ਕੀਤੀ ਗਈ ਸੀ ਸਬੰਧਤ ਕਰਮਚਾਰੀ ਨੂੰ ਚਾਰਜਸੀਟ ਕਰਦੇ ਹੋਏ ਕਮਿਸਨ ਨੂੰ ਕਾਪੀ ਭੇਜੀ ਜਾਵੇ। ਇਸ ਦੇ ਨਾਲ ਕਮਿਸ਼ਨ ਦੇ ਹੁਕੱਮਾਂ ਦੀ ਪਾਲਣਾ ਕਰਨ ਹਿੱਤ ਲਿਖਿਆ ਗਿਆ ਸੀ। ਕਮਿਸ਼ਨ ਵਲੋਂ ਇਸ ਅਪੀਲ ਕੇਸ ਨੂੰ ਪੜਚੋਲਣ ਉਪਰੰਤ ਮਿਤੀ 18-12-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 28-01-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਪਿਛਲੀ ਮਿਤੀ 28-01-2020 ਨੂੰ ਅਪੀਲਕਰਤਾ ਵਲੋਂ ਸ੍ਰੀ ਬਲਦੇਵ ਸਿੰਘ ਹਾਜ਼ਰ ਹੋਇਆ। ਉਸ ਵਲੋਂ ਅਪੀਲਕਰਤਾ ਵਲੋਂ ਦਿੱਤਾ ਅਥਾਰਟੀ ਲੈਟਰ ਮਿਤੀ 27-01-2020 ਪੇਸ਼ ਕੀਤਾ ਗਿਆ। ਅਪੀਲਕਰਤਾ ਵਲੋਂ ਪੱਤਰ ਮਿਤੀ 23-01-2020 ਜ਼ੋ ਕਮਿਸ਼ਨ ਨੂੰ ਸੰਬੋਧਤ ਹੈ ਰਾਹੀਂ ਕਮਿਸ਼ਨ ਦੇ ਪਿਛਲੇ ਹੁਕੱਮਾਂ ਵੱਲ ਧਿਆਨ ਦਵਾਇਆ ਗਿਆ ਅਤੇ ਦਸਿਆ ਕਿ ਤਸਦੀਕ ਸੁਧਾ ਸੂਚਨਾ ਪ੍ਰਾਪਤ ਨਹੀਂ ਹੋਈ, ਪੱਤਰ ਮਿਤੀ 27-01-2020 ਰਾਹੀਂ ਦਸਿਆ ਗਿਆ ਕਿ ਦਿੱਤੀ ਗਈ ਸੂਚਨਾ ਅਧੂਰੀ ਹੈ। ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਸ੍ਰੀ ਪ੍ਰਭਜੀਤ ਸਿੰਘ ਪੰਚਾਇਤ ਸੱਕਤਰ ਹਾਜ਼ਰ ਹੋਇਆ, ਉਸ ਵਲੋਂ ਦਸਿਆ ਗਿਆ ਕਿ ਅਪੀਲਕਰਤਾ ਦੀ ਮੰਗ ਅਨੁਸਾਰ ਉਸਨੂੰ ਸੂਚਨਾ ਮੁਹੱਈਆ ਕਰਵਾ ਦਿੱਤੀ ਗਈ ਹੈ। ਅਪੀਲਕਰਤਾ ਵਲੋਂ ਹਾਜ਼ਰ ਨੁਮਾਇੰਦੇ ਵਲੋਂ ਦਸਿਆ ਗਿਆ ਕਿ ਸੂਚਨਾ ਅਧੂਰੀ ਦਿੱਤੀ ਗਈ ਹੈ ਅਤੇ ਜ਼ੋ ਸੂਚਨਾ ਬਿੱਲ ਦਿੱਤੇ ਗਏ ਹਨ ਤਸਦੀਕ ਨਹੀਂ ਕਮਿਸ਼ਨ ਨੂੰ ਵਿਖਾਏ ਗਏ। ਉੱਤਰਦਾਤਾ ਨੂੰ **ਹਦਾਇਤ ਕੀਤੀ ਗਈ ਕਿ ਇਹ ਸੂਚਨਾ ਫਾਰਵਰਡਿੰਗ ਲੈਟਰ ਸਹਿਤ ਨੁਕਤਾਵਾਰ ਤਸਦੀਕ ਕਰਕੇ ਦਿਤੀ ਜਾਵੇ ਅਤੇ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ।** ਇਸ ਦੇ ਨਾਲ ਹੀ ਅਪੀਲਕਰਤਾ ਨੂੰ ਹਦਾਇਤ ਕੀਤੀ ਗਈ ਕਿ ਉਸਨੂੰ ਪ੍ਰਾਪਤ ਹੋਈ ਸੂਚਨਾ ਵਿਚ ਕੋਈ ਤਰੁਟੀਆਂ ਪਾਈਆਂ ਜਾਂਦੀਆਂ ਹਨ ਉਨ੍ਹਾਂ ਬਾਰੇ ਉੱਤਰਦਾਤਾਰ (ਲੋਕ ਸੂਚਨਾ ਅਫਸਰ) ਨੂੰ ਸਿੱਧੇ ਤੌਰ ਤੇ ਲਿਖਤੀ ਰੂਪ ਵਿਚ ਭੇਜਦੇ ਹੋਏ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ। ਇਸ ਦੇ ਨਾਲ ਹੀ ਉੱਤਰਦਾਤਾ ਨੂੰ ਹਦਾਇਤ ਕੀਤੀ ਗਈ ਸੀ ਕਿ ਅਪੀਲਕਰਤਾ ਵਲੋਂ ਦਸੀਆਂ ਗਈਆਂ ਤਰੁੱਟੀਆਂ ਦੂਰ ਕਰਦੇ ਹੋਏ ਉਸਨੂੰ ਲਿਖਤੀ ਰੂਪ ਵਿਚ ਭੇਜਿਆ ਜਾਵੇ ਅਤੇ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ। ਇਸ ਦੇ ਨਾਲ ਹੀ ਪੂਰਵਲੇ ਕਮਿਸ਼ਨ ਵਲੋਂ ਪਾਈ ਗਈ ਪੈਨਲਟੀ ਅਤੇ ਜੁਰਮਾਨੇ ਦੇ ਨਾਲ ਨਾਲ ਕੀਤੇ ਗਏ ਹੁੱਕਮਾਂ ਦੀ ਪਾਲਣਾ ਯਕੀਨੀ ਬਣਾਈ ਜਾਵੇ ਅਤੇ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ। ਇਸ ਹਦਾਇਤ ਨਾਲ ਇਹ ਅਪੀਲ ਕੇਸ ਅਗਲੀ ਸੁਣਵਾਈ ਲਈ ਮਿਤੀ 11-03-2020 ਨੂੰ ਸਵੇਰੇ 11.30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

3. ਅਪੀਲਕਰਤਾ ਅਤੇ ਉੱਤਰਦਾਤਾ ਅੱਜ ਪੇਸ਼ੀ ਤੇ ਕੋਈ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਹਾਜ਼ਰ ਨਾ ਹੋਣ ਬਾਰੇ ਕੋਈ ਸੂਚਨਾ ਪ੍ਰਾਪਤ ਹੋਈ ਹੈ।

4. ਅਪੀਲਕਰਤਾ ਅਤੇ ਉੱਤਰਦਾਤਾ ਅੱਜ ਪੇਸ਼ੀ ਤੇ ਕੋਈ ਹਾਜ਼ਰ ਨਹੀਂ ਹੋਇਆ। ਇਸ ਲਈ ਉੱਤਰਦਾਤਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਪਿਛਲੀ ਮਿਤੀ 27-1-2020 ਨੂੰ ਕੀਤੀ ਗਈ ਹਦਾਇਤ ਅਨੁਸਾਰ ਅਪੀਲਕਰਤਾ ਨੂੰ ਮੰਗੀ ਗਈ

ਪਰਤੋ ਜੀ----ਚਲਦਾ ਪੰਨਾ/2

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



**ਅਪੀਲ ਕੇਸ ਨੰ:**2707 **ਆਫ** 2019

ਸੂਚਨਾ ਫਾਰਵਰਡਿੰਗ ਲੈਟਰ ਸਹਿਤ ਨੁਕਤਾਵਾਰ ਤਸਦੀਕ ਕਰਕੇ ਦਿਤੀ ਜਾਵੇ ਅਤੇ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ। ਇਸ ਦੇ ਨਾਲ ਹੀ ਅਪੀਲਕਰਤਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਸਨੂੰ ਪ੍ਰਾਪਤ ਹੋਈ ਸੂਚਨਾ ਵਿਚ ਕੋਈ ਤਰੁੱਟੀਆਂ ਪਾਈਆਂ ਜਾਂਦੀਆਂ ਹਨ ਉਨ੍ਹਾਂ ਬਾਰੇ ਉੱਤਰਦਾਤਾਰ (ਲੋਕ ਸੂਚਨਾ ਅਫਸਰ) ਨੂੰ ਸਿੱਧੇ ਤੌਰ ਤੇ ਲਿਖਤੀ ਰੂਪ ਵਿਚ ਭੇਜਦੇ ਹੋਏ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ। ਉੱਤਰਦਾਤਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਅਪੀਲਕਰਤਾ ਵਲੋਂ ਦਸੀਆਂ ਗਈਆਂ ਤਰੁੱਟੀਆਂ ਦੂਰ ਕਰਦੇ ਹੋਏ ਉਸਨੂੰ ਲਿਖਤੀ ਰੂਪ ਵਿਚ ਭੇਜਿਆ ਜਾਵੇ ਅਤੇ ਕਮਿਸ਼ਨ ਨੂੰ ਸੁਚਿਤ ਕੀਤਾ ਜਾਵੇ। ਇਸ ਦੇ ਨਾਲ ਹੀ ਪੂਰਵਲੇ ਕਮਿਸ਼ਨ ਵਲੋਂ ਪਾਈ ਗਈ ਪੈਨਲਟੀ ਅਤੇ ਜੁਰਮਾਨੇ ਦੇ ਨਾਲ ਨਾਲ ਕੀਤੇ ਗਏ ਹੁੱਕਮਾਂ ਦੀ ਪਾਲਣਾ ਯਕੀਨੀ ਬਣਾਈ ਜਾਵੇ ਅਤੇ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ। ਇਨ੍ਹਾਂ ਹਦਾਇਤਾਂ ਨਾਲ ਇਹ ਅਪੀਲ ਕੇਸ **ਅਗਲੀ ਸੁਣਵਾਈ ਲਈ ਮਿਤੀ** 01-04-2020 **ਨੂੰ ਸਵੇਰੇ** 11.30 **ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)

ਮਿਤੀ: ਚੰਡੀਗੜ੍ਹ, 11 ਮਾਰਚ, 2020. ਰਾਜ ਸੂਚਨਾ ਕਮਿਸ਼ਨਰ, ਪੰਜਾਬ।

**ਨੋਟ: ਉੱਤਰਦਾਤਾ ਨਾਲ ਅਦਾਲਤ ਦੀ ਕਾਰਵਾਈ ਉਪਰੰਤ ਸੰਪਰਕ ਕੀਤਾ ਗਿਆ ਅਤੇ ਹਦਾਇਤ ਕੀਤੀ ਗਈ ਕਿ ਮੰਗੀ ਗਈ ਸੂਚਨਾ ਅਪੀਲਕਰਤਾ ਨੂੰ ਮੁਹੱਈਆ ਕਰਵਾਈ ਜਾਵੇ ਅਤੇ ਕਮਿਸ਼ਨ ਦੇ ਹੁੱਕਮਾਂ ਦੀ ਪਾਲਣਾ ਕੀਤੀ ਜਾਵੇ। ਉਸ ਵਲੋਂ** 2 **ਹਫਤੇ ਦਾ ਸਮਾਂ ਮੰਗਿਆ ਗਿਆ ਹੈ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ੍ਰੀ ਬਲਜੀਤ ਸਿੰਘ ਗਿੱਲ, ਪੁੱਤਰ ਸ੍ਰੀ ਗੁਰਚਰਨ ਸਿੰਘ, 8427800076
ਪਿੰਡ ਕੋਕਾਰੀ ਕਲ੍ਹਾਂ ਪੱਟੀ ਨੰਗਲ, ਤਹਿਸੀਲ ਅਤੇ ਜ਼ਿਲ੍ਹਾ ਮੋਗਾ ----ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ
ਬੀ.ਡੀ.ਪੀ.ਓ. ਬਲਾਕ, ਮੋਗਾ

ਪਹਿਲੀ ਅਪੀਲੀ ਅਥਾਰਟੀ, ਦਫਤਰ ਡੀ.ਡੀ.ਪੀ.ਓ. ਮੋਗਾ -----ਉੱਤਰਦਾਤਾ

**ਅਪੀਲ ਕੇਸ ਨੰ: 02 ਆਫ 2019**

**ਹਾਜ਼ਰ:**

1. ਅਪੀਲਕਰਤਾ ਸ੍ਰੀ ਬਲਜੀਤ ਸਿੰਘ ਗਿੱਲ, ।
2. ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਸ੍ਰੀ ਸੁਖਵੀਰ ਸਿੰਘ ਸਕੱਤਰ (9814500648)

**ਹੁਕੱਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 13-09-2018 ਲੋਕ ਸੂਚਨਾ ਅਧਿਕਾਰੀ ਦਫਤਰ ਬੀ.ਡੀ.ਪੀ.ਓ. ਬਲਾਕ, ਮੋਗਾ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਗ੍ਰਾਮ ਪੰਚਾਇਤ ਪਿੰਡ ਕੋਕਰੀ ਕਲਾਂ, ਬਲਾਕ 1 ਮੋਗਾ, ਜਿਲਾ ਮੋਗਾ ਦੀ ਅਗਸਤ 2013 ਤੋਂ ਜੁਲਾਈ 2018 ਤੱਕ (ਪ੍ਰਤੀ ਸਾਲ) ਨਾਲ ਸਬੰਧਤ 13 ਨੁਕਤਿਆਂ ਸਬੰਧੀ ਸੂਚਨਾ ਮੰਗੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 25-10-2018 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 17-12-2018 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ। ਇਸ ਕੇਸ ਵਿਚ ਪੁਰਵਲੇ ਕਮਿਸ਼ਨ ਸ੍ਰੀ ਯਸ਼ਵੀਰ ਮਹਾਜਨ ਜੀ ਵਲੋਂ ਉਤਰਦਾਤਾ ਨੂੰ ਪੈਨਲਟੀ ਅਤੇ ਜੁਰਮਾਨੇ ਦੇ ਨਾਲ ਨਾਲ ਹਦਾਇਤ ਕੀਤੀ ਗਈ ਸੀ ਸਬੰਧਤ ਕਰਮਚਾਰੀ ਨੂੰ ਚਾਰਜਸੀਟ ਕਰਦੇ ਹੋਏ ਕਮਿਸਨ ਨੂੰ ਕਾਪੀ ਭੇਜੀ ਜਾਵੇ। ਇਸ ਦੇ ਨਾਲ ਕਮਿਸ਼ਨ ਦੇ ਹੁਕੱਮਾਂ ਦੀ ਪਾਲਣਾ ਕਰਨ ਹਿੱਤ ਲਿਖਿਆ ਗਿਆ ਸੀ। ਕਮਿਸ਼ਨ ਵਲੋਂ ਇਸ ਅਪੀਲ ਕੇਸ ਨੂੰ ਪੜਚੋਲਣ ਉਪਰੰਤ ਮਿਤੀ 18-12-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 28-01-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਪਿਛਲੀ ਮਿਤੀ 28-01-2020 ਨੂੰ ਅਪੀਲਕਰਤਾ ਪੇਸ਼ੀ ਤੇ ਹਾਜ਼ਰ ਹੋਇਆ। ਉਸ ਵਲੋਂ ਦਸਿਆ ਗਿਆ ਕਿ ਅਜੇ ਤੱਕ ਕੋਈ ਸੂਚਨਾ ਮੁਹੱਈਆ ਨਹੀ ਕਰਵਾਈ ਗਈ ਅਤੇ ਉਸ ਨੂੰ ਕਮਿਸ਼ਨ ਦੇ ਹੁਕੱਮਾਂ ਅਨੁਸਾਰ ਉਸ ਨੂੰ ਬੁਲਾਇਆ ਗਿਆ ਸੀ ਪਰ ਅਜੇ ਤੱਕ ਕੰਪਨਸੇਸਨ ਨਹੀਂ ਮਿਲਿਆ ।ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਸ੍ਰੀ ਸੁਖਵੀਰ ਸਿੰਘ ਸਕੱਤਰ ਅਤੇ ਸ੍ਰੀ ਜ਼ਸੀਜਤ ਸਿੰਘ ਪੰਚਾਇਤ ਸਕੱਤਰ ਹਾਜ਼ਰ ਹੋਏ। ਉਨ੍ਹਾਂ ਵਲੋਂ ਦਸਿਆ ਗਿਆ ਕਿ ਅਪੀਲਕਰਤਾ ਨੂੰ ਬੁਲਾ ਕੇ ਉਸਦਾ ਅਕਾਉਂਟ ਨੰਬਰ ਪੁਛਿਆ ਗਿਆ ਤਾਂ ਜ਼ੋ ਉਸਨੂੰ ਕੰਪਨਸੇਸਨ ਰੁ: 3000/- ਉਸਦੇ ਖਾਤੇ ਵਿਚ ਪਾਇਆ ਜਾ ਸਕੇ। ਪਰ ਉਸ ਨੇ ਖਾਤਾ ਨੰਬਰ ਨਹੀਂ ਦਿਤਾ ਜਿਸ ਕਾਰਨ ਅਦਾਇਗੀ ਨਹੀਂ ਕੀਤੀ ਜਾ ਸਕੀ। ਇਸ ਸਬੰਧ ਵਿਚ ਪੱਤਰ ਨੰ: 240 ਮਿਤੀ 17-1-2020 ਪੇਸ਼ ਕੀਤਾ ਗਿਆ। ਇਸ ਦੇ ਨਾਲ ਹੀ ਪੱਤਰ ਨੰ: 2113 ਮਿਤੀ 27-1-2020 ਪੇਸ਼ ਕੀਤਾ ਗਿਆ ਜਿਸ ਅਨੁਸਾਰ ਚਲਾਨ ਮਿਤੀ 27-1-2020 ਪੇਸ਼ ਕੀਤਾ ਗਿਆ ਜਿਸ ਅਨੁਸਾਰ ਰੁ: 10000/- ਸਰਕਾਰ ਦੇ ਖਾਤੇ ਵਿਚ ਜਮ੍ਹਾਂ ਕਰਵਾ ਦਿੱਤੇ ਗਏ ਹਨ। ਅਪੀਲਕਰਤਾ ਅਨੁਸਾਰ ਉਸਨੂੰ ਨਾਂ ਤਾਂ ਅਜੇ ਤੱਕ ਜਾਣਕਾਰੀ ਮੁਹੱਈਆ ਕਰਵਾਈ ਗਈ ਹੈ ਅਤੇ ਨਾ ਹੀ ਕੰਪਨਸੇਸ਼ਨ ਰੁ: 3000/- ਦਿੱਤਾ ਗਿਆ ਹੈ। ਇਸ ਲਈ ਰੁ: 2000/- ਹੋਰ ਕੰਪਨਸੇਸਨ ਪਾਇਆ ਗਿਆ ਸੀ। ਇਹ ਕੰਪਨਸੇਸ਼ਨ ਮਹਿਕਮੇ ਵਲੋਂ ਆਪਣੇ ਖਾਤੇ ਵਿਚੋਂ ਪਹਿਲੇ ਰੁ: 3000/- ਅਤੇ ਰੁ: 2000/- ਹੋਰ ਦੋਨੋਂ ਅਲੱਗ ਅਲੱਗ ਡਰਾਫਟਾਂ ਰਾਹੀਂ ਅਪੀਲਕਰਤਾ ਨੂੰ ਦਿੱਤਾ ਜਾਵੇ। ਲੋਕ ਸੂਚਨਾ ਅਧਿਕਾਰੀ ਬੀ.ਡੀ.ਪੀ.ਓ. ਮੋਗਾ ਨੂੰ ਹਦਾਇਤ ਕੀਤੀ ਗਈ ਸੀ ਕਿ ਨਿੱਜੀ ਦਿਲਚਸਪੀ ਲੈ ਕੇ ਅਪੀਲਕਰਤਾ ਨੂੰ ਬੁਲਾ ਕੇ ਰਿਕਾਰਡ ਆਪਣੇ ਪਾਸ ਮੰਗਵਾਕੇ ਮੰਗੀ ਗਈ ਸੂਚਨਾ ਦੇਣ ਅਤੇ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ। ਇਸ ਹਦਾਇਤ ਨਾਲ ਇਹ ਅਪੀਲ ਕੇਸ ਅਗਲੀ ਸੁਣਵਾਈ ਲਈ ਮਿਤੀ 11-03-2020 ਨੂੰ ਸਵੇਰੇ 11.30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

3. ਅਪੀਲਕਰਤਾ ਪੇਸ਼ੀ ਤੇ ਹਾਜ਼ਰ ਹੋਇਆ, ਉਸ ਵਲੋਂ ਦਸਿਆ ਗਿਆ ਕਿ ਉਸਨੂੰ ਅਜੇ ਤੱਕ ਸੂਚਨਾ ਮੁਹੱਈਆ ਨਹੀਂ ਕਰਵਾਈ ਗਈ ਨਾਂ ਹੀ ਹੁਕੱਮਾਂ ਅਨੁਸਾਰ ਕੰਪਨਸੇਸ਼ਨ ਦੀ ਰਕਮ ਅਦਾ ਕੀਤੀ ਗਈ ਹੈ।

4. ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਸ੍ਰੀ ਸੁਖਵੀਰ ਸਿੰਘ ਸਕੱਤਰ ਹਾਜ਼ਰ ਹੋਇਆ। ਉਸ ਵਲੋਂ ਪੱਤਰ ਨੰ: 581, ਮਿਤੀ 11-3-2020 ਪੇਸ਼ ਕੀਤਾ ਗਿਆ ਜ਼ੋ ਅਪੀਲਕਰਤਾ ਨੂੰ ਸੰਬੋਧਤ ਹੈ। ਇਸ ਦੇ ਨਾਲ ਹੀ ਪੀ.ਆਈ.ਓ. ਵਲੋਂ ਪੱਤਰ ਨੰ: 2242 ਮਿਤੀ 19-2-2020 ਪੇਸ਼ ਕੀਤਾ ਗਿਆ ਜ਼ੋ ਪਹਿਲਾਂ ਹੀ ਡਾਕ ਰਾਹੀਂ ਮਿਤੀ 26-2-2020 ਨੂੰ ਪ੍ਰਾਪਤ ਹੋ ਚੁੱਕਾ ਹੈ ਜ਼ੋ ਸ੍ਰੀ ਸੁਖਵੀਰ ਸਿੰਘ ਪੰਚਾਇਤ ਸਕੱਤਰ ਨੂੰ ਸੰਬੋਧਤ ਹੈ ਅਤੇ ਉਤਾਰਾ ਕਮਿਸ਼ਨ ਨੂੰ ਕੀਤਾ ਗਿਆ ਹੈ। ਪੱਤਰ ਮਿਸਲ ਤੇ ਰੱਖ ਲਏ ਗਏ ਹਨ। ਇਸ ਦੇ ਨਾਲ ਹੀ ਕਮਿਸ਼ਨ ਦੇ ਹੁਕੱਮਾਂ ਅਨੁਸਾਰ ਰੁ: 3000/- ਅਤੇ ਰੁ: 2000/- ਦੇ ਦੋ ਵੱਖ ਵੱਖ ਡਰਾਫਟ ਅਪੀਲਕਰਤਾ ਨੂੰ ਦੇਣ ਲਈ ਲਿਆਂਦੇ ਗਏ ਜ਼ੋ ਕਮਿਸ਼ਨ ਨੂੰ ਪੇਸ਼ ਕੀਤੇ ਗਏ।

5. ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਹਾਜ਼ਰ ਨੁਮਾਇੰਦੇ ਵਲੋਂ ਉਕੱਤ ਪੱਤਰ ਮਿਤੀ 11-3-2020 ਪੇਸ਼ੀ ਦੌਰਾਨ ਅਪੀਲਕਰਤਾ ਨੂੰ ਦਿੱਤਾ ਗਿਆ ਅਤੇ ਇਕ ਕਾਪੀ ਕਮਿਸ਼ਨ ਨੂੰ ਦਿੱਤੀ ਗਈ।ਇਸ ਤਰ੍ਹਾਂ ਅਪੀਲਕਰਤਾ ਨੂੰ 348 ਪੰਨੇ ਦੀ ਸੂਚਨਾ ਮੌਕੇ ਦਿੱਤੀ ਗਈ ਅਪੀਲਕਰਤਾ ਵਲੋਂ ਇਸ ਨੂੰ ਪੜ੍ਹਨ ਲਈ ਸਮੇਂ ਦੀ ਮੰਗ ਕੀਤੀ ਗਈ। ਇਸ ਲਈ ਅਪੀਲਕਰਤਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ

ਪਰਤੋ ਜੀ----ਚਲਦਾ ਪੰਨਾ/2

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



**ਅਪੀਲ ਕੇਸ ਨੰ: 02 ਆਫ 2019**

ਪ੍ਰਾਪਤ ਸੂਚਨਾ ਵਿਚ ਕੋਈ ਤਰੁੱਟੀਆਂ ਪਾਈਆਂ ਜਾਂਦੀਆਂ ਹਨ ਤਾਂ ਸਿੱਧੇ ਤੌਰ ਤੇ ਲੋਕ ਸੂਚਨਾ ਅਧਿਕਾਰੀ ਨੂੰ ਲਿਖਦੇ ਹੋਏ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ। ਇਸ ਦੇ ਨਾਲ ਹੀ ਉੱਤਰਦਾਤਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਅਪੀਲਕਰਤਾ ਵਲੋਂ ਦਸੀਆਂ ਗਈਆਂ ਤਰੁੱਟੀਆਂ ਦੂਰ ਕਰਦੇ ਹੋਏ ਅਗਲੀ ਪੇਸ਼ੀ ਤੋਂ ਪਹਿਲਾਂ ਪਹਿਲਾਂ ਉਸਨੂੰ ਲਿਖਤੀ ਰੂਪ ਵਿਚ ਭੇਜਦੇ ਹੋਏ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ। ਇਸ ਦੇ ਨਾਲ ਹੀ ਕਮਿਸ਼ਨ ਦੇ ਹੁਕੱਮਾਂ ਅਨੁਸਾਰ ਰੁ: 3000/- ਅਤੇ ਰੁ: 2000/- ਦੇ ਦੋ ਵੱਖ ਵੱਖ ਡਰਾਫਟ ਆਪਣੇ ਖਾਤੇ ਵਿਚੋਂ ਤਿਆਰ ਕਰਕੇ ਅਪੀਲਕਰਤਾ ਨੂੰ ਦੇਣ ਲਈ ਲਿਆਂਦੇ ਗਏ ਜ਼ੋ ਕਮਿਸ਼ਨ ਦੀ ਹਾਜ਼ਰੀ ਵਿਚ ਅਪੀਲਕਰਤਾ ਨੂੰ ਦਿੱਤੇ ਗਏ ਪਰ ਅਪੀਲਕਰਤਾ ਸ੍ਰੀ ਬਲਜੀਤ ਸਿੰਘ ਗਿੱਲ ਵਲੋਂ ਇਤਰਾਜ ਕੀਤਾ ਗਿਆ ਕਿ ਇਹ ਹਰਜਾਨਾ ਮਹਿਕਮੇ ਦੇ ਖਾਤੇ ਵਿਚੋਂ ਲੈਣਾ ਹੈ। ਇਸ ਲਈ ਉਸਨੇ ਇਹ ਰਕਮ ਆਪਣੇ ਖਾਤੇ ਵਿਚੋਂ ਦਿੱਤੀ ਸੀ, ਇਸ ਕਰਕੇ ਹਾਜ਼ਰ ਨੁਮਾਇੰਦੇ ਨੂੰ ਹਦਾਇਤ ਕੀਤੀ ਗਈ ਕਿ ਇਹ ਦੋਵੇਂ ਡਰਾਫਟ ਕੈਸਲ ਕਰਦੇ ਹੋਏ ਮਹਿਕਮੇ ਦੇ ਖਾਤੇ ਵਿਚੋਂ ਉਸਦੇ ਖਾਤੇ ਵਿਚ 2 ਵੱਖ ਵੱਖ ਰਕਮਾਂ ਟਰਾਂਸਫਰ ਕਰ ਦਿੱਤੀਆਂ ਜਾਣ। ਇਨ੍ਹਾਂ ਹਦਾਇਤਾਂ ਅਨੁਸਾਰ ਇਹ ਅਪੀਲ ਕੇਸ **ਅਗਲੀ ਸੁਣਵਾਈ ਲਈ ਮਿਤੀ 23-03-2020 ਨੂੰ ਸਵੇਰੇ 11.30 ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)

**ਮਿਤੀ: ਚੰਡੀਗੜ੍ਹ,** 11 **ਮਾਰਚ,** 2020. **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ੍ਰੀ ਰਾਕੇਸ਼ ਕੁਮਾਰ ਗੁਪਤਾ 9814924851)
8/237, ਜਗਰਾਓ ਰੋਡ, ਮੰਡੀ ਮੂਲਾਂਪੁਰ, ਜ਼ਿਲ੍ਹਾ ਲੁਧਿਆਣਾ ----ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ, ਐਸ.ਐਸ.ਪੀ. ਲੁਧਿਆਣਾ ਰੂਰਲ,
ਜੰਗਰਾਂਓ, ਲੁਧਿਆਣਾ।

ਪਹਿਲੀ ਅਪੀਲੀ ਅਥਾਰਟਥੀ,
ਡੀ.ਆਈ.ਜੀ., ਲੁਧਿਆਣਾ ਰੇਂਜ਼, ਲੁਧਿਆਣਾ -----ਉੱਤਰਦਾਤਾ

**ਅਪੀਲ ਕੇਸ ਨੰ: 2602 ਆਫ 2019**

**ਹਾਜ਼ਰ:**

1. ਅਪੀਲਕਰਤਾ ਕੋਈ ਨਹੀਂ।
2. ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਸ੍ਰੀ ਜਗਦੀਸ਼ ਸਿੰਘ,ਏ.ਐਸ.ਆਈ. (9872200563)

**ਹੁਕੱਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 03-07-2019 ਲੋਕ ਸੂਚਨਾ ਅਧਿਕਾਰੀ ਦਫਤਰ ਐਸ.ਐਸ.ਪੀ. ਲੁਧਿਆਣਾ ਰੂਰਲ, ਜੰਗਰਾਂਓ, ਲੁਧਿਆਣਾ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਐਫ.ਆਈ.ਆਰ. ਨੰ: 90 ਮਿਤੀ 01-06-2019 ਜ਼ੋ ਕਿ ਪੁਲਿਸ ਸਟੇਸ਼ਨ ਦਾਖਾ ਵਿਖੇ ਦਾਇਰ ਕੀਤੀ ਗਈ ਸੀ ਸਬੰਧੀ ਦਸਤਾਵੇਜ਼ ਅਤੇ ਸੀ.ਡੀ.ਆਦਿ ਕੇਸ ਦੀ ਤਾਜਾ ਸਥਿਤੀ ਸਬੰਧੀ ਸੂਚਨਾ ਮੰਗੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 11-07-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 23-07-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ। ਇਸ ਕੇਸ ਵਿਚ ਪੁਰਵਲੇ ਕਮਿਸ਼ਨ ਸ੍ਰੀ ਯਸ਼ਵੀਰ ਮਹਾਜਨ ਜੀ ਵਲੋਂ ਮਿਤੀ 30-10-2019 ਨੂੰ ਅਪੀਲਕਰਤਾ ਨੂੰ ਅਪਣਾ ਪੱਖ ਪੇਸ਼ ਕਰਨ ਲਈ ਹੁਕੱਮ ਜ਼ਾਰੀ ਕੀਤੇ ਗਏ ਸਨ। ਇਸ ਉਪਰੰਤ ਇਹ ਅਪੀਲ ਕੇਸ ਇਸ ਨੂੰ ਅਲਾਟ ਕੀਤਾ ਗਿਆ ਹੈ। ਇਸ ਕਮਿਸ਼ਨ ਵਲੋਂ ਇਸ ਅਪੀਲ ਕੇਸ ਨੂੰ ਪੜਚੋਲਣ ਉਪਰੰਤ ਮਿਤੀ 18-12-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 28-01-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਪਿਛਲੀ ਮਿਤੀ 28-01-2020 ਨੂੰ ਅਪੀਲਕਰਤਾ ਪੇਸ਼ੀ ਤੇ ਹਾਜ਼ਰ ਹੋਇਆ। ਉਸ ਵਲੋਂ ਦਸਿਆ ਗਿਆ ਕਿ ਉਸਨੂੰ ਅਜੇ ਤੱਕ ਸਹੀ ਸੂਚਨਾ ਨਹੀਂ ਦਿੱਤੀ ਗਈ । ਉਸ ਵਲੋਂ ਇਹ ਵੀ ਕਿਹਾ ਕਿ ਇਹ ਨਹੀਂ ਦਸਿਆ ਗਿਆ ਕਿਹੜੇ ਕਿਹੜੇ ਬੰਦਿਆਂ ਵਲੋਂ ਹੋਰ ਸ਼ਿਕਾਇਤਾਂ ਪ੍ਰਾਪਤ ਹੋਈਆਂ ਜਾਂ ਸੀਨੀਅਰ ਅਫਸਰਾਂ ਵਲੋਂ ਇੰਨਕੁਆਰੀ ਸਬੰਧੀ ਕੀਤੇ ਗਏ ਪੱਤਰ ਵਿਹਾਰ ਦੇ ਨਾਲ ਨਾਲ ਦਿਨ ਪ੍ਰਤੀ ਦਿਨ ਹੋਈ ਪ੍ਰੋਗਰੈਸ ਬਾਰੇ ਸੂਚਨਾ ਨਹੀਂ ਦਿੱਤੀ ਗਈ। ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਸ੍ਰੀ ਜ਼ਸਵਿੰਦਰ ਸਿੰਘ,ਏ.ਐਸ.ਆਈ. ਹਾਜ਼ਰ ਹੋਇਆ। ਉਸ ਵਲੋਂ ਪੱਤਰ ਨੰ: 93/5 ਥਾਣਾ ਦਾਖਾ ਮਿਤੀ 27-1-2020 ਪੇਸ਼ ਕੀਤਾ ਗਿਆ ਜ਼ੋ ਕਮਿਸਨ ਨੂੰ ਸੰਬੋਧਤ ਸੀ। ਅਪੀਲਕਰਤਾ ਵਲੋਂ ਪੇਸ਼ੀ ਦੋਰਾਨ ਕਿਹਾ ਗਿਆ ਕਿ ਪੁਲਿਸ ਦਾ ਇਹ ਕਹਿਣਾ ਕਿ ਆਰ.ਟੀ.ਆਈ. ਐਕਟ ਦੀ ਧਾਰਾ 8(1) ਤਹਿਤ ਸੂਚਨਾ ਨਹੀਂ ਦਿਤੀ ਜਾ ਸਕਦੀ ਆਪਣੇ ਕੁਮੈਟ ਦੇਣੇ ਸਨ, ਉਸ ਨੇ ਦਸਿਆ ਕਿ ਉਸਨੂੰ ਆਰਡਰ ਨਹੀ ਪਹੁੰਚੇ ਇਸ ਲਈ ਉਹ ਆਪਣੇ ਕੁਮੈਂਟ ਨਹੀਂ ਦੇ ਸਕਿਆ। ਉੱਤਰਦਾਤਾ ਵਲੋਂ ਹਾਜ਼ਰ ਨੁਮਾਇੰਦੇ ਵਲੋਂ ਪੱਤਰ ਨੰ: 93/5 ਥਾਣਾ ਦਾਖਾ ਮਿਤੀ 27-1-2020 ਪੇਸ਼ ਕੀਤਾ ਗਿਆ ਜ਼ੋ ਕਮਿਸਨ ਨੂੰ ਸੰਬੋਧਤ ਸੀ ਰਾਹੀਂ ਦਸਿਆ ਗਿਆ ਕਿ ਮੰਗੀ ਗਈ ਸੂਚਨਾ ਅਪੀਲਕਰਤਾ ਨੂੰ ਮਿਤੀ 09-12-2019 ਨੂੰ ਸਿੱਧੇ ਤੌਰ ਤੇ ਮੁਹੱਈਆ ਕਰਵਾਈ ਜਾ ਚੁੱਕੀ ਹੈ। ਕਮਿਸ਼ਨ ਦੇ ਹੁਕੱਮਾਂ ਅਨੁਸਾਰ ਪੇਸ਼ੀ ਦੋਰਾਨ ਵੀ ਅਪੀਲਕਰਤਾ ਨੂੰ ਲਿਆਂਦੀ ਗਈ ਸੂਚਨਾ ਦਿੱਤੀ ਗਈ। ਇਸ ਲਈ ਅਪੀਲਕਰਤਾ ਨੂੰ ਹਦਾਇਤ ਕੀਤੀ ਗਈ ਕਿ ਉਸਨੂੰ ਪ੍ਰਾਪਤ ਹੋਈ ਸੂਚਨਾ ਵਿਚ ਕੋਈ ਤਰੁਟੀਆਂ ਪਾਈਆਂ ਜਾਂਦੀਆਂ ਹਨ ਤਾਂ ਉਨ੍ਹਾਂ ਬਾਰੇ ਉੱਤਰਦਾਤਾਰ (ਲੋਕ ਸੂਚਨਾ ਅਫਸਰ) ਨੂੰ ਸਿੱਧੇ ਤੌਰ ਤੇ ਲਿਖਤੀ ਰੂਪ ਵਿਚ ਭੇਜਦੇ ਹੋਏ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ। ਇਸ ਦੇ ਨਾਲ ਹੀ ਉੱਤਰਦਾਤਾ ਨੂੰ ਹਦਾਇਤ ਕੀਤੀ ਕੀਤੀ ਗਈ ਕਿ ਅਪੀਲਕਰਤਾ ਵਲੋਂ ਦਸੀਆਂ ਗਈਆਂ ਤਰੁੱਟੀਆਂ ਦੂਰ ਕਰਦੇ ਹੋਏ ਉਸਨੂੰ ਲਿਖਤੀ ਰੂਪ ਵਿਚ ਭੇਜਿਆ ਜਾਵੇ ਅਤੇ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ। ਇਸ ਹਦਾਇਤ ਨਾਲ ਇਹ ਅਪੀਲ ਕੇਸ ਅਗਲੀ ਸੁਣਵਾਈ ਲਈ ਮਿਤੀ 11-03-2020 ਨੂੰ ਸਵੇਰੇ 11.30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

3. ਅਪੀਲਕਰਤਾ ਕੋਈ ਨਹੀਂ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਹਾਜ਼ਰ ਨਾ ਹੋਣ ਬਾਰੇ ਕੋਈ ਸੂਚਨਾ ਮੁੱਹਈਆ ਕਰਵਾਈ ਗਈ ਹੈ।

ਪਰਤੋ ਜੀ------ਚਲਦਾ ਪੰਨਾ/2

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



**ਅਪੀਲ ਕੇਸ ਨੰ: 2602 ਆਫ 2019**

4. ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਸ੍ਰੀ ਜਗਦੀਸ਼ ਸਿੰਘ,ਏ.ਐਸ.ਆਈ. ਹਾਜ਼ਰ ਹੋਇਆ ਉਸ ਵਲੋਂ ਪੱਤਰ ਨ: 185/5 ਏ, ਥਾਣਾ ਦਾਖਾ ਮਿਤੀ 10-3-2020 ਪੇਸ਼ ਕੀਤਾ ਗਿਆ ਜ਼ੋ ਅਪੀਲਕਰਤਾ ਨੂੰ ਸੰਬੋਧਤ ਹੈ ਅਤੇ ਕਮਿਸ਼ਨ ਨੂੰ ਉੱਤਾਰਾ ਕੀਤਾ ਗਿਆ ਹੈ। ਪੱਤਰ ਮਿਸਲ ਤੇ ਰੱਖ ਲਿਆ ਗਿਆ ਹੈ।

5. ਅਪੀਲਕਰਤਾ ਹਾਜ਼ਰ ਨਹੀਂ ਹੋਇਆ। ਉੱਤਰਦਾਤਾ ਵਲੋਂ ਪੇਸ਼ ਕੀਤੇ ਗਏ ਉਕੱਤ ਪੱਤਰ ਮਿਤੀ 10-3-2020 ਰਾਹੀਂ ਅਪੀਲਕਰਤਾ ਨੂੰ ਉਸਦੀ ਈ.ਮੇਲ ਮਿਤੀ 8-3-2020 ਰਾਹੀਂ ਦਸੀਆਂ ਗਈਆਂ ਤਰੁੱਟੀਆਂ ਨੂੰ ਦੂਰ ਕਰਨ ਉਪਰੰਤ ਨੁਕਤਾਵਾਰ ਮੰਗੀ ਗਈ ਸੂਚਨਾ ਮੁਹੱਈਆ ਕਰਵਾ ਦਿੱਤੀ ਗਈ ਹੈ। ਉੱਤਰਦਾਤਾ ਵਲੋਂ ਅਪੀਲਕਰਤਾ ਨੂੰ ਭੇਜੀ ਗਈ ਸੂਚਨਾ ਤੋਂ ਕਮਿਸ਼ਨ ਸੰਤੁਸ਼ਟ ਹੈ। ਇਸ ਲਈ ਇਸ ਕੇਸ ਵਿਚ ਹੋਰ ਕਾਰਵਾਈ ਦੀ ਲੋੜ ਨਹੀਂ। ਇਹ **ਅਪੀਲ ਕੇਸ ਦਾਖਲ ਦਫਤਰ** ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)

**ਮਿਤੀ: ਚੰਡੀਗੜ੍ਹ,** 11 **ਮਾਰਚ,** 2020. **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**ਨੋਟ:** ਅਦਾਲਤ ਦੀ ਕਾਰਵਾਈ ਖਤਮ ਹੋਣ ਉਪਰੰਤ ਅਪੀਲਕਰਤਾ ਹਾਜ਼ਰ ਹੋਇਆ, ਉਸਨੂੰ ਅਦਾਲਤ ਦੀ ਕਾਰਵਾਈ ਤੋਂ ਜਾਣੂ ਕਰਵਾ ਦਿੱਤਾ ਗਿਆ।

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਰਾਕੇਸ਼ ਕੁਮਾਰ ਗੁਪਤਾ 9814924851)
8/237, ਜਗਰਾਓ ਰੋਡ, ਮੰਡੀ ਮੂਲਾਂਪੁਰ, ਜ਼ਿਲ੍ਹਾ ਲੁਧਿਆਣਾ ----ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ, ਐਸ.ਐਸ.ਪੀ. ਲੁਧਿਆਣਾ ਰੂਰਲ,
ਜੰਗਰਾਂਓ, ਲੁਧਿਆਣਾ।

ਪਹਿਲੀ ਅਪੀਲੀ ਅਥਾਰਟਥੀ,
ਡੀ.ਆਈ.ਜੀ., ਲੁਧਿਆਣਾ ਰੇਂਜ਼, ਲੁਧਿਆਣਾ -----ਉੱਤਰਦਾਤਾ

**ਅਪੀਲ ਕੇਸ ਨੰ: 2603 ਆਫ 2019**

**ਹਾਜ਼ਰ:**

1. ਅਪੀਲਕਰਤਾ ਕੋਈ ਨਹੀਂ।
2. ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਸ੍ਰੀ ਜਗਦੀਸ਼ ਸਿੰਘ,ਏ.ਐਸ.ਆਈ. (9872200563)

**ਹੁਕੱਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 04-07-2019 ਲੋਕ ਸੂਚਨਾ ਅਧਿਕਾਰੀ ਦਫਤਰ ਐਸ.ਐਸ.ਪੀ. ਲੁਧਿਆਣਾ ਰੂਰਲ, ਜੰਗਰਾਂਓ, ਲੁਧਿਆਣਾ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਸਰਕਾਰ ਜਾਂ ਪੁਲਿਸ ਵਿਭਾਗ ਦੇ ਹੁਕੱਮਾਂ ਦੀ ਕਾਪੀ ਮੰਗੀ ਗਈ ਜਿਸ ਅਨੁਸਾਰ ਲੁਧਿਆਣਾ ਜਿਲ੍ਹੇ ਦੇ ਰਾਜਨਿਤਕ ਜਾਂ ਦੂਜੇ ਵਿਅਕੱਤੀਆਂ ਨੂੰ ਪੇਡ ਜਾਂ ਮੁਫਤ ਸਿਕਿਉਰਟੀ ਅਤੇ ਸਰਕਾਰੀ ਗੱਡੀ ਮੁਹੱਈਆ ਕਰਵਾਈ ਜਾ ਸਕਦੀ ਹੈ, ਇਸ ਨਾਲ ਸਬੰਧਤ 10 ਨੁਕਤਿਆਂ ਸਬੰਧੀ ਸੂਚਨਾ ਮੰਗੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 11-07-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 23-07-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ। ਇਸ ਕੇਸ ਵਿਚ ਪੁਰਵਲੇ ਕਮਿਸ਼ਨ ਸ੍ਰੀ ਯਸ਼ਵੀਰ ਮਹਾਜਨ ਜੀ ਵਲੌਂ ਮਿਤੀ 30-10-2019 ਨੂੰ ਅਪੀਲਕਰਤਾ ਨੂੰ ਅਪਣਾ ਪੱਖ ਪੇਸ਼ ਕਰਨ ਲਈ ਹੁਕੱਮ ਜ਼ਾਰੀ ਕੀਤੇ ਗਏ ਸਨ। ਇਸ ਉਪਰੰਤ ਇਹ ਅਪੀਲ ਕੇਸ ਇਸ ਬੈਂਚ ਨੂੰ ਅਲਾਟ ਕੀਤਾ ਗਿਆ ਹੈ। ਇਸ ਕਮਿਸ਼ਨ ਵਲੋਂ ਇਸ ਅਪੀਲ ਕੇਸ ਨੂੰ ਪੜਚੋਲਣ ਉਪਰੰਤ ਮਿਤੀ 18-12-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 28-01-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਪਿਛਲੀ ਮਿਤੀ 28-01-2020 ਨੂੰ ਅਪੀਲਕਰਤਾ ਪੇਸ਼ੀ ਤੇ ਹਾਜ਼ਰ ਹੋਇਆ। ਉਸ ਵਲੋਂ ਦਸਿਆ ਗਿਆ ਕਿ ਉਸਨੂੰ ਅਜੇ ਤੱਕ ਸਹੀ ਸੂਚਨਾ ਨਹੀਂ ਦਿੱਤੀ ਗਈ । ਉਸ ਵਲੋਂ ਇਹ ਵੀ ਕਿਹਾ ਕਿ ਉਹ ਘਰ ਨਹੀਂ ਸੀ ਰਹਿੰਦਾ ਜਿਸ ਕਾਰਨ ਉਸ ਨੂੰ ਕੋਈ ਹੁਕੱਮ ਪ੍ਰਾਪਤ ਨਹੀਂ ਹੋਏ।ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਸ੍ਰੀ ਹਰਪ੍ਰੀਤ ਸਿੰਘ,ਏ.ਐਸ.ਆਈ. ਹਾਜ਼ਰ ਹੋਇਆ। ਉਸ ਵਲੋਂ ਦਸਿਆ ਗਿਆ ਕਿ ਪੱਤਰ ਨੰ: 532/ਆਰ.ਟੀ.ਆਈ./ਜਿਲ੍ਹ ਸਾਂਝ ਕੇਂਦਰ, ਮਿਤੀ 23-09-2019 ਰਾਹੀਂ ਪਹਿਲਾਂ ਹੀ ਕਮਿਸ਼ਨ ਨੂੰ ਸੂਚਿਤ ਕੀਤਾ ਜਾ ਚੁੱਕਾ ਹੈ। ਅਪੀਲਕਰਤਾ ਵਲੋਂ ਪੇਸ਼ੀ ਦੋਰਾਨ ਦਸਿਆ ਕਿ ਉਸਨੂੰ ਆਰਡਰ ਨਹੀ਼ ਪਹੁੰਚੇ ਇਸ ਲਈ ਉਹ ਆਪਣੇ ਕੁਮੈਂਟ ਨਹੀਂ ਦੇ ਸਕਿਆ। ਉੱਤਰਦਾਤਾ ਵਲੋਂ ਹਾਜ਼ਰ ਨੁਮਾਇੰਦੇ ਵਲੋਂ ਪੱਤਰ ਨੰ: 532/ਆਰ.ਟੀ.ਆਈ./ਜਿਲ੍ਹ ਸਾਂਝ ਕੇਂਦਰ, ਮਿਤੀ 23-09-2019 ਰਾਹੀਂ ਪਹਿਲਾਂ ਹੀ ਕਮਿਸ਼ਨ ਨੂੰ ਸੂਚਿਤ ਕੀਤਾ ਜਾ ਚੁੱਕਾ ਹੈ ਕਿ ਅਪੀਲਕਰਤਾ ਨੂੰ ਪੱਤਰ ਨੰ: 25629/ਡੀ.ਡੀ.ਐਸ.ਬੀ.4, ਮਿਤੀ 23-7-2019 ਰਾਹੀਂ ਪਹਿਲਾਂ ਹੀ ਸੂਚਨਾ ਭੇਜੀ ਜਾ ਚੁੱਕੀ ਹੈ। ਪੂਰਵਲੇ ਕਮਿਸ਼ਨ ਦੇ ਹੁਕੱਮਾਂ ਅਨੁਸਾਰ ਉਸ ਵਲੋਂ ਆਪਣਾ ਪੱਖ ਪੇਸ਼ ਕੀਤਾ ਜਾਣਾ ਸੀ ਇਸ ਲਈ ਅਪੀਲਕਰਤਾ ਨੂੰ ਹਦਾਇਤ ਕੀਤੀ ਗਈ ਸੀ ਕਿ ਉਸਨੂੰ ਪ੍ਰਾਪਤ ਹੋਈ ਸੂਚਨਾ ਵਿਚ ਕੋਈ ਤਰੁਟੀਆਂ ਪਾਈਆਂ ਜਾਂਦੀਆਂ ਹਨ ਉਨ੍ਹਾਂ ਬਾਰੇ ਉੱਤਰਦਾਤਾਰ (ਲੋਕ ਸੂਚਨਾ ਅਫਸਰ) ਨੂੰ ਸਿੱਧੇ ਤੌਰ ਤੇ ਲਿਖਤੀ ਰੂਪ ਵਿਚ ਭੇਜਦੇ ਹੋਏ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ। ਇਸ ਦੇ ਨਾਲ ਹੀ ਉੱਤਰਦਾਤਾ ਨੂੰ ਹਦਾਇਤ ਕੀਤੀ ਗਈ ਸੀ ਕਿ ਅਪੀਲਕਰਤਾ ਵਲੋਂ ਦਸੀਆਂ ਗਈਆਂ ਤਰੁੱਟੀਆਂ ਦੂਰ ਕਰਦੇ ਹੋਏ ਉਸਨੂੰ ਲਿਖਤੀ ਰੂਪ ਵਿਚ ਭੇਜਿਆ ਜਾਵੇ ਅਤੇ ਕਮਿਸ਼ਨ ਨੂੰ ਸੁਚਿਤ ਕੀਤਾ ਜਾਵੇ। ਇਸ ਹਦਾਇਤ ਨਾਲ ਇਹ ਅਪੀਲ ਕੇਸ ਅਗਲੀ ਸੁਣਵਾਈ ਲਈ ਮਿਤੀ 11-03-2020 ਨੂੰ ਸਵੇਰੇ 11.30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

3. ਅਪੀਲਕਰਤਾ ਵਲੋਂ ਕੋਈ ਨਹੀਂ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਹਾਜ਼ਰ ਨਾ ਹੋਣ ਬਾਰੇ ਕੋਈ ਸੂਚਨਾ ਮੁੱਹਈਆ ਕਰਵਾਈ ਗਈ ਹੈ।

4. ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਸ੍ਰੀ ਜਗਦੀਸ਼ ਸਿੰਘ,ਏ.ਐਸ.ਆਈ. ਹਾਜ਼ਰ ਹੋਇਆ ਉਸ ਵਲੋਂ

ਪਰਤੋ ਜੀ------ਚਲਦਾ ਪੰਨਾ/2

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



**ਅਪੀਲ ਕੇਸ ਨੰ:** 2603 **ਆਫ** 2019

ਪੱਤਰ ਮਿਤੀ 11-3-2020 ਪੇਸ਼ ਕੀਤਾ ਗਿਆ ਜੋ ਕਮਿਸ਼ਨ ਨੂੰ ਸੰਬੋਧਤ ਹੈ। ਪੱਤਰ ਮਿਸਲ ਤੇ ਰੱਖ ਲਿਆ ਗਿਆ ਹੈ।

5. ਅਪੀਲਕਰਤਾ ਹਾਜ਼ਰ ਨਹੀਂ ਹੋਇਆ। ਉੱਤਰਦਾਤਾ ਵਲੋਂ ਪੇਸ਼ ਕੀਤੇ ਗਏ ਉਕੱਤ ਪੱਤਰ ਮਿਤੀ 11-3-2020 ਰਾਹੀਂ ਦਸਿਆ ਗਿਆ ਕਿ ਅਪੀਲਕਰਤਾ ਵਲੋਂ ਉਨ੍ਹਾਂ ਨੂੰ ਇਸ ਕੇਸ ਵਿਚ ਕੋਈ ਤਰੁੱਟੀਆਂ ਪ੍ਰਾਪਤ ਨਹੀਂ ਹੋਈਆ। ਇਸ ਲਈ ਇਹ ਅਪੀਲ ਕੇਸ ਦਾਖਲ ਦਫਤਰ ਕੀਤਾ ਜਾਵੇ। ਇਸ ਕੇਸ ਵਿਚ ਪਿਛਲੀ ਮਿਤੀ ਨੂੰ ਅਪੀਲਕਰਤਾ ਨੂੰ ਹਦਾਇਤ ਕੀਤੀ ਗਈ ਸੀ ਕਿ ਪ੍ਰਾਪਤ ਸੂਚਨਾ ਤੇ ਕੋਈ ਤਰੁਟੀਆਂ ਪਾਈਆਂ ਜਾਂਦੀਆਂ ਹਨ ਉਨ੍ਹਾਂ ਬਾਰੇ ਉੱਤਰਦਾਤਾ (ਲੋਕ ਸੂਚਨਾ ਅਫਸਰ) ਨੂੰ ਸਿੱਧੇ ਤੌਰ ਤੇ ਲਿਖਤੀ ਰੂਪ ਵਿਚ ਭੇਜਦੇ ਹੋਏ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ। ਉੱਤਰਦਾਤਾ ਅਨੁਸਾਰ ਉਨ੍ਹਾਂ ਨੂੰ ਅਪੀਲਕਰਤਾ ਪਾਸੋਂ ਕੋਈ ਤਰੁੱਟੀਆਂ ਪ੍ਰਾਪਤ ਨਹੀਂ ਹੋਈਆਂ ਅਤੇ ਨਾਂ ਹੀ ਕਮਿਸ਼ਨ ਨੂੰ ਕੋਈ ਤਰੁੱਟੀਆਂ ਪ੍ਰਾਪਤ ਹੋਈਆਂ ਹਨ। ਇਸ ਲਈ ਇਸ ਕੇਸ ਵਿਚ ਹੋਰ ਕਿਸੇ ਕਾਰਵਾਈ ਦੀ ਲੋੜ ਨਹੀਂ। ਇਸ ਲਈ **ਇਹ ਅਪੀਲ ਕੇਸ ਦਾਖਲ ਦਫਤਰ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**

**ਮਿਤੀ: ਚੰਡੀਗੜ੍ਹ,** 11 **ਮਾਰਚ,** 2020. **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**ਨੋਟ:** ਅਦਾਲਤ ਦੀ ਕਾਰਵਾਈ ਖਤਮ ਹੋਣ ਉਪਰੰਤ ਅਪੀਲਕਰਤਾ ਹਾਜ਼ਰ ਹੋਇਆ, ਉਸਨੂੰ ਅਦਾਲਤ ਦੀ ਕਾਰਵਾਈ ਤੋਂ ਜਾਣੂ ਕਰਵਾ ਦਿੱਤਾ ਗਿਆ।

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਰਿਟਾਇਰਡ ਸੁਬੇਦਾਰ ਸ੍ਰੀ ਹਾਕਮ ਸਿੰਘ ਪੁੱਤਰ ਸ੍ਰੀ ਜ਼ੋਗਿੰਦਰ ਸਿੰਘ 9914040774
ਪਿੰਡ ਪਮੌਰ, ਤਹਿਸੀਲ ਬਸੀ ਪਠਾਣਾ, ਜਿਲ੍ਹਾ ਫਤਿਹਗੜ੍ਹ ਸਾਹਿਬ। ----ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਬੀ.ਡੀ.ਪੀ.ਓ. ਫਤਿਹਗੜ੍ਹ ਸਾਹਿਬ।

ਪਹਿਲੀ ਅਪੀਲੀ ਅਥਾਰਟੀ,
ਦਫਤਰ, ਡੀ.ਡੀ.ਪੀ.ਓ. ਫਤਿਹਗੜ੍ਹ ਸਾਹਿਬ -----ਉੱਤਰਦਾਤਾ

**ਅਪੀਲ ਕੇਸ ਨੰ: 2230 ਆਫ 2019**

**ਹਾਜ਼ਰ:**

1. ਅਪੀਲਕਰਤਾ ਰਿਟਾਇਰਡ ਸੁਬੇਦਾਰ ਸ੍ਰੀ ਹਾਕਮ ਸਿੰਘ।
2. ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਸ੍ਰੀ ਦਲਜੀਤ ਸਿੰਘ, ਐਸ.ਡੀ.ਈ. (987688444)

**ਹੁਕੱਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 26-7-2017 ਲੋਕ ਸੂਚਨਾ ਅਧਿਕਾਰੀ ਦਫਤਰ ਬੀ.ਡੀ.ਪੀ.ਓ. ਫਤਿਹਗੜ੍ਹ ਸਾਹਿਬ ਨੂੰ ਪੇਸ਼ ਕੀਤਾ ਜਿਸ ਰਾਹੀਂ ਉਸਨੇ ਪਿੰਡ ਪਮੌਰ ਨੂੰ ਮਿਲੀ ਗਰਾਂਟ ਅਤੇ ਪਿੰਡ ਵਿਚ ਹੋਏ ਕੰਮਾਂ ਤੇ ਖਰਚ ਦੀ ਜਾਣਕਾਰੀ ਨਾਲ ਸਬੰਧਤ ਸੂਚਨਾ ਮੰਗੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 13-2-2018 ਰਾਹੀਂ ਇਸ ਕੇਸ ਵਿਚ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 03-07-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ। ਇਹ ਕੇਸ ਪੁਰਵਲੇ ਕਮਿਸ਼ਨ ਸ੍ਰੀ ਯਸ਼ਵੀਰ ਮਹਾਜਨ ਜੀ ਵਲੋਂ ਮਿਤੀ 14-11-2019 ਨੂੰ ਸੁਣਿਆ ਗਿਆ ਸੀ। ਹੁਣ ਇਹ ਕੇਸ ਇਸ ਕਮਿਸ਼ਨ ਨੂੰ ਅਲਾਟ ਕਰਨ ਉਪਰੰਤ ਇਸ ਕਮਿਸ਼ਨ ਵਲੋਂ ਇਨ੍ਹਾਂ ਅਪੀਲ ਕੇਸਾਂ ਨੂੰ ਪੜਚੋਲਣ ਉਪਰੰਤ ਮਿਤੀ 18-12-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 29-01-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਪਿਛਲੀ ਮਿਤੀ 29-01-2020 ਨੂੰ ਅਪੀਲਕਰਤਾ ਪੇਸ਼ੀ ਤੇ ਹਾਜ਼ਰ ਹੋਇਆ। ਉਸ ਵਲੋਂ ਦਸਿਆ ਗਿਆ ਕਿ ਅਜੇ ਤੱਕ ਵੀ ਸਹੀ ਜਾਣਕਾਰੀ ਮੁਹੱਈਆ ਨਹੀਂ ਕਰਵਾਈ ਗਈ। ਉਸ ਵਲੌਂ ਦਸਿਆ ਗਿਆ ਕਿ ਵਾਟਰ ਸਪਲਾਈ ਵਿਭਾਗ ਦੀ ਸੂਚਨਾ ਵੀ ਅੱਜੇ ਤੱਕ ਪ੍ਰਾਪਤ ਨਹੀਂ ਹੋਈ। ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਸ੍ਰੀ ਹਰਜੀਤ ਸਿੰਘ, ਪੰਚਾਇਤ ਸਕੱਤਰ ਹਾਜ਼ਰ ਹੋਇਆ। ਉਸ ਵਲੋਂ ਪੱਤਰ ਪੇਸ਼ ਕੀਤਾ ਗਿਆ ਜ਼ੋ ਅਪੀਲਕਰਤਾ ਨੂੰ ਸੰਬੋਧਤ ਹੈ ਅਤੇ ਕਮਿਸ਼ਨ ਨੂੰ ਉਤਾਰਾ ਕੀਤਾ ਗਿਆ ਹੈ। ਅਪੀਲਕਰਤਾ ਵਲੋਂ ਦਸਿਆ ਗਿਆ ਕਿ ਦਿੱਤੀ ਗਈ ਜਾਣਕਾਰੀ ਤਸਦੀਕ ਨਹੀਂ ਹੈ। ਉਤੱਰਦਾਤਾ ਵਲੋਂ ਪੇਸ਼ ਕੀਤੇ ਗਏ ਉੱਤਰ ਪੱਤਰ ਅਨੁਸਾਰ ਉਨ੍ਹਾਂ ਦੇ ਵਿਭਾਗ ਨਾਲ ਸਬੰਧਤ ਸੂਚਨਾ ਪਹਿਲਾਂ ਹੀ ਦੇ ਦਿੱਤੀ ਗਈ ਸੀ ਅਤੇ ਰਹਿੰਦੀ ਸੂਚਨਾ ਵੀ ਪੇਸ਼ੀ ਦੌਰਾਨ ਤਸਦੀਕ ਕਰਕੇ ਅਪੀਲਕਰਤਾ ਨੂੰ ਦੇ ਦਿੱਤੀ ਗਈ । ਇਸ ਤਰ੍ਹਾਂ ਹੁਣ ਵਾਟਰ ਸਪਲਾਈ ਵਿਭਾਗ ਨਾਲ ਸਬੰਧਤ ਸੂਚਨਾ ਪੈਡਿੰਗ ਹੈ ਜ਼ੋ ਕਿ ਉਨ੍ਹਾਂ ਦੇ ਵਿਭਾਗ ਵਲੋਂ ਦਿੱਤੀ ਜਾਣੀ ਹੈ, ਪਰ ਵਾਟਰ ਸਪਲਾਈ ਵਿਭਾਗ ਦਾ ਨੁਮਾਇੰਦਾ ਸ੍ਰੀ ਗੋਪਾਲ ਰਾਏ ਹਾਜ਼ਰ ਨਹੀਂ ਹੋਇਆ। ਇਸ ਸਬੰਧ ਵਿਚ ਹਾਜ਼ਰ ਉੱਤਰਦਾਤਾ ਨੂੰ ਹਦਾਇਤ ਕੀਤੀ ਗਈ ਕਿ ਸਬੰਧਤ ਵਿਭਾਗ ਨੂੰ ਪਹਿਲੇ ਪੱਤਰ ਦੇ ਹਵਾਲੇ ਵਿਚ ਰਿਮਾਇਡਰ ਭੇਜਦੇ ਹੋਏ ਕਮਿਸ਼ਨ ਨੂੰ ਵੀ ਸੂਚਿਤ ਕੀਤਾ ਜਾਵੇ। ਇਹ ਅਪੀਲ ਕੇਸ ਅਗਲੀ ਸੁਣਵਾਈ ਲਈ ਮਿਤੀ 11-03-2020 ਨੂੰ ਸਵੇਰੇ 11.30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

3. ਅਪੀਲਕਰਤਾ ਰਿਟਾਇਰਡ ਸੁਬੇਦਾਰ ਸ੍ਰੀ ਹਾਕਮ ਸਿੰਘ ਹਾਜ਼ਰ ਹੋਇਆ, ਉਸ ਵਲੋਂ ਦਸਿਆ ਗਿਆ ਕਿ ਮੰਗੀ ਗਈ ਰਹਿੰਦੀ ਸੂਚਨਾ ਅਜੇ ਤੱਕ ਪ੍ਰਾਪਤ ਨਹੀਂ ਹੋਈ।

4. ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਸ੍ਰੀ ਦਲਜੀਤ ਸਿੰਘ, ਐਸ.ਡੀ.ਈ. ਹਾਜ਼ਰ ਹੋਇਆ, ਉਸ ਵਲੋਂ ਦਸਿਆ ਗਿਆ ਕਿ ਉਹ ਇਸ ਸਮੇ ਸ੍ਰੀ ਗੋਪਾਲ ਰਾਏ ਐਸ.ਡੀ.ਓ ਦੀ ਥਾਂ ਤੇ ਤੈਨਾਤ ਹੈ। ਉਸ ਵਲੋਂ ਪੱਤਰ ਨੰ: 124 ਮਿਤੀ 4-3-2020 ਪੇਸ਼ ਕੀਤਾ ਗਿਆ ਜ਼ੋ ਅਪੀਲਕਰਤਾ ਨੂੰ ਸੰਬੋਧਤ ਹੈ ਅਤੇ ਕਾਪੀ ਕਾਰਜਕਾਰੀ ਇੰਜੀਨੀਅਰ ਜੱਲ ਸਪਲਾਈ, ਫਤਿਹਗੜ੍ਹ ਸਾਹਿਬ ਨੂੰ ਕੀਤੀ ਗਈ ਹੈ।ਸ੍ਰੀ ਗੋਪਾਲ ਰਾਏ, ਐਸ.ਡੀ.ਓ. ਵਲੋਂ ਪੱਤਰ ਨ: 287 ਮਿਤੀ 2-3-2020 ਡਾਕ ਰਾਹੀਂ ਪ੍ਰਾਪਤ ਹੋਇਆ, ਜਿਸ ਰਾਹੀ ਦਸਿਆ ਗਿਆ ਕਿ ਉਹ ਉਪ ਮੰਡਲ ਖੇੜਾ ਦਾ ਚਾਰਜ ਛੱਡ ਚੁੱਕਾ ਹੈ। ਪੱਤਰ ਨ: 58/ਆਰ.ਟੀ.ਆਈ./2019 ਮਿਤੀ 25-2-2020 ਡੀ.ਡੀ.ਪੀ.ਓ. ਫਤਿਹਗੜ੍ਹ ਸਾਹਿਬ ਤੋਂ ਪ੍ਰਾਪਤ ਹੋਇਆ ਜਿਸ ਰਾਹੀਂ ਉਨ੍ਹਾਂ ਵਲੋਂ

ਪਰਤੋ ਜੀ-----ਚਲਦਾ ਪੰਨਾ/2

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



**ਅਪੀਲ ਕੇਸ ਨੰ: 2230 ਆਫ 2019**

ਬੀ.ਡੀ.ਪੀ.ਓ. ਖੇੜਾ ਅਤੇ ਉਪ ਮੰਡਲ ਇੰਜੀਨੀਅਰ ਵਾਟਰ ਸਪਲਾਈ ਫਤਿਹਗੜ੍ਹ ਸਾਹਿਬ ਨੂੰ ਉੱਤਰ ਦੇਣ ਲਈ ਲਿਖਦੇ ਹੋਏ ਕਮਿਸ਼ਨ ਨੂੰ ਕਾਪੀ ਕੀਤੀ ਗਈ ਹੈ। ਇਸ ਤੋਂ ਇਲਾਵਾ ਜ/ਸ ਅਤੇ ਸੈਨੀਟੇਸ਼ਨ ਉਪ ਮੰਡਲ ਨੰ: 1 ਫਤਿਹਗੜ੍ਹ ਸਾਹਿਬ ਵਲੋਂ ਬੱਸੀ ਪਠਾਣਾ ਐਂਡ ਫਤਿਹਗੜ੍ਹ ਸਾਹਿਬ ਨੂੰ ਇਸ ਕੇਸ ਦੀ ਪੈਰਵੀ ਲਈ ਲਿਖਦੇ ਹੋਏ ਕਮਿਸ਼ਨ ਨੂੰ ਸੂਚਨਾ ਹਿੱਤ ਕਾਪੀ ਭੇਜੀ ਗਈ ਹੈ। ਇਹ ਸਾਰੇ ਪੱਤਰ ਮਿਸਲ ਤੇ ਰੱਖ ਲਏ ਗਏ ਹਨ।

5. ਉੱਤਰਦਾਤਾ ਵਲੋਂ ਪੱਤਰ ਨੰ: 124 ਮਿਤੀ 04-03-2020 ਰਾਹੀਂ ਅਪੀਲਕਰਤਾ ਨੂੰ ਰਹਿੰਦੀ ਸੂਚਨਾ ਮੁਹੱਈਆ ਕਰਵਾ ਦਿੱਤੀ ਗਈ ਹੈ। ਇਸ ਦੇ ਨਾਲ ਹੀ ਰਿਕਾਰਡ ਨੂੰ ਘੋਖਣ ਤੇ ਪਾਇਆ ਗਿਆ ਕਿ ਅਪੀਲਕਰਤਾ ਵਲੋਂ ਡਿਪਟੀ ਕਮਿਸ਼ਨਰ ਫਤਿਹਗੜ੍ਹ ਸਾਹਿਬ ਨੂੰ ਮਿਤੀ 26-07-2017 ਨੂੰ ਦਾਇਰ ਕੀਤੀ ਆਰ.ਟੀ.ਆਈ. ਅਰਜੀ ਵਿਚ **ਪਿੰਡ ਪਮੌਰ ਨੂੰ ਮਿਲੀ ਗਰਾਂਟ ਅਤੇ ਪਿੰਡ ਵਿਚ ਹੋਏ ਕੰਮਾਂ ਤੇ ਖਰਚ ਦੀ ਜਾਣਕਾਰੀ, ਪਿੰਡ ਵਿਚ ਪਾਣੀ ਦੀ ਸਪਲਾਈ ਜ਼ੋ ਪੰਚਾਇਤ ਦੇ ਅੰਡਰ ਹੈ ਉਸਦੇ ਖਰਚ ਅਤੇ ਆਮਦਨ ਦੀ ਜਾਣਕਾਰੀ ਚਾਹੁੰਦਾ ਹੈ। ਕਿਉਂਜੋ ਰਿਕਾਰਡ ਅਨੁਸਾਰ ਪਾਣੀ ਦੀ ਟੰਕੀ ਦਾ ਹਿਸਾਬ ਰੁ: 4,50,000/- ਘਾਟਾ ਵਿਖਾਇਆ ਗਿਆ ਸੀ ਅਤੇ ਹੁਣ ਘਾਟਾ ਰੁ: 10,00,000/- ਦੇ ਕਰੀਬ ਹੋ ਗਿਆ ਹੈ। ਜਿਸਦਾ ਕਾਰਨ ਪਿਛਲੀ ਸਰਕਾਰ ਦੁਆਰਾ ਪਾਣੀ ਦੇ ਬਿਲ ਮਾਫ ਕਰਨਾ ਦਸਿਆ, ਪਰ ਕੁਝ ਪੰਚਾਇਤੀ ਮੈਬਰਾਂ ਅਤੇ ਗੈਰ ਪੰਚਾਇਤੀ ਮੈਬਰਾਂ ਨੇ ਮਿਲ ਕੇ 16 ਮਹੀਨੇ ਦਾ ਬਿਲ ਇਕਠਾ ਕਰ ਲਿਆ ਹੈ ਜ਼ੋ ਜਮਾਂ ਨਾ ਕਰਾਉਣ ਦੀ ਵਜ੍ਹਾ ਨਾਲ ਬਿਜਲੀ ਦਾ ਬਿੱਲ ਫਿਰ ਪਨੈਲਟੀ ਲੱਗ ਕੇ ਆਇਆ ਹੈ।** ਇਸ ਤਰ੍ਹਾਂ ਅਪੀਲਕਰਤਾ ਵਲੋਂ ਪਾਈ ਗਈ ਇਸ ਅਰਜੀ ਦਾ ਡਿਪਟੀ ਕਮਿਸ਼ਨਰ ਜਾਂ ਵਾਟਰ ਸਪਲਾਈ ਵਿਭਾਗ ਆਦਿ ਨਾਲ ਕੋਈ ਸਬੰਧ ਨਹੀਂ ਬਣਦਾ ਕਿਉਂਜੋ ਇਹ ਪਾਣੀ ਦੇ ਬਿੱਲ ਅਤੇ ਬਿਜਲੀ ਦੇ ਬਿੱਲ ਦੀ ਅਦਾਇਗੀ ਸਬੰਧੀ ਪੰਚਾਇਤੀ ਮੈਬਰਾਂ ਅਤੇ ਗੈਰ ਪੰਚਾਇਤੀ ਮੈਬਰਾਂ ਵਲੋਂ ਇਕਠੀ ਕੀਤੀ ਰਕਮ ਅਤੇ ਖਰਚੇ ਦਾ ਸਬੰਧ ਹੈ।ਇਸ ਕੇਸ ਵਿਚ ਸ੍ਰੀ ਗੋਪਾਲ ਰਾਇ ਐਸ.ਡੀ.ਓ.ਵਲੋਂ ਮਿਤੀ 02-01-2019 ਨੂੰ ਕੋਰਟ ਅਟੈਂਡ ਕੀਤਾ ਗਿਆ ਅਤੇ ਇਸ ਉਪਰੰਤ ਪੂਰਵਲੇ ਕਮਿਸ਼ਨ ਸ੍ਰੀ ਏ.ਐਸ.ਚੰਦਰੋਈਆਂ, ਜੀ ਵਲੋਂ ਹੁਕੱਮ **ਮਿਤੀ 05-03-2019 ਨੂੰ ਇਹ ਅਪੀਲ ਕੇਸ ਡਿਸਪੋਜ਼ ਆਫ ਤੇ ਕਲੋਜ਼ ਕਰਦੇ ਹੋਏ ਵਾਟਰ ਸਪਲਾਈ ਵਿਭਾਗ ਨੂੰ ਬਾਕੀ ਰਹਿੰਦੀ ਸੂਚਨਾ ਦੇਣ ਲਈ ਹਦਾਇਤ ਕੀਤੀ ਗਈ ਸੀ। ਇਸ ਲਈ** ਇਹ ਕੇਸ ਰਹਿੰਦੀ ਸੂਚਨਾ ਮੁਹੱਈਆ ਕਰਾਉਣ ਦੇ ਮੰਤਵ ਲਈ ਮਿਤੀ 02-05-2019 ਨੂੰ ਪੁਰਵਲੇ ਕਮਿਸ਼ਨ ਸ੍ਰੀ ਯਸ਼ਪਾਲ ਮਹਾਜਨ ਜੀ ਨੂੰ ਅਲਾਟ ਕੀਤਾ ਗਿਆ ਸੀ ਅਤੇ ਇਸ ਕੇਸ ਵਿਚ ਅਪੀਲਕਰਤਾ ਨੂੰ ਇਹ ਸੂਚਨਾ ਦਿਵਾਉਣ ਲਈ ਪੂਰਵਲੇ ਕਮਿਸ਼ਨ ਵਲੋਂ ਉਕਤ ਵਿਭਾਗ ਨੂੰ ਪਾਬੰਦ ਕਰਦੇ ਹੋਏ ਅਤੇ ਸ੍ਰੀ ਗੋਪਾਲ ਰਾਏ,ਐਸ.ਡੀ.ਓ. ਦਫਤਰ ਵਾਟਰ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਨੂੰ ਵਾਰ ਵਾਰ ਹਾਜਰ ਹੋਣ ਲਈ ਹਦਾਇਤ ਵੀ ਕੀਤੀ ਗਈ ਸੀ। ਹੁਣ ਗੋਪਾਲ ਰਾਏ ਵਲੋਂ ਪ੍ਰਾਪਤ ਪੱਤਰ ਮਿਤੀ 02-03-2020 ਅਤੇ ਸ੍ਰੀ ਦਲਜੀਤ ਸਿੰਘ, ਐਸ.ਡੀ.ਈ. ਵਲੋਂ ਅੱਜ ਪੇਸ਼ੀ ਤੇ ਹਾਜ਼ਰ ਹੋ ਕੇ ਦਸਿਆ ਗਿਆ ਕਿ ਉਹ ਇਸ ਸਮੇ ਸ੍ਰੀ ਗੋਪਾਲ ਰਾਏ ਐਸ.ਡੀ.ਓ ਦੀ ਥਾਂ ਤੇ ਤੈਨਾਤ ਹਨ ਉਨ੍ਹਾਂ ਵਲੋਂ ਦਸੀਆਂ ਗਈਆਂ ਮਿਤੀਆਂ ਤੇ ਹੋਈ ਕਾਰਵਾਈ ਅਨੁਸਾਰ ਪੂਰੇ ਮਾਮਲੇ ਦੀ ਘੋਖ ਕਰਨ ਉਪਰੰਤ ਦਸਿਆ ਗਿਆ ਕਿ ਇਸ ਕੇਸ ਵਿਚ ਉਨ੍ਹਾਂ ਵਲੋਂ ਪੱਤਰ ਮਿਤੀ 03-03-2020 ਰਾਹੀਂ ਮੌਜੂਦਾ ਸਰਪੰਚ ਤੋਂ ਆਰ.ਟੀ.ਆਈ.ਐਕਟ ਅਧੀਨ ਮੰਗੀ ਗਈ ਸੂਚਨਾ ਸਬੰਧੀ ਸਰਪੰਚ ਨੂੰ ਲਿਖਿਆ ਗਿਆ ਉਸ ਵਲੋਂ ਲਿਖਤੀ ਰੂਪ ਵਿਚ ਦਸਿਆ ਗਿਆ ਹੈ ਕਿ ਉਸਨੂੰ ਪੁਰਾਣੀ ਕਮੇਟੀ ਵਲੋਂ ਕੋਈ ਪੁਰਾਣਾ ਰਿਕਾਰਡ ਨਹੀਂ ਦਿੱਤਾ ਗਿਆ।

ਇਸ ਤਰ੍ਹਾਂ ਉਕਤ ਦਸੀ ਗਈ ਸਥਿਤੀ ਅਨੁਸਾਰ ਇਹ ਮਾਮਲਾ ਪੰਚਾਇਤ ਦਾ ਅੰਦਰੂਨੀ ਮਾਮਲਾ ਹੋਣ ਕਾਰਨ ਡਿਪਟੀ ਕਮਿਸ਼ਨਰ ਜਾਂ ਵਾਟਰ ਸਪਲਾਈ ਵਿਭਾਗ ਨਾਲ ਸਬੰਧਤ ਨਹੀਂ ਸੀ। ਇਸ ਦੇ ਨਾਲ ਹੀ ਅਪੀਲਕਰਤਾ ਵਲੋਂ ਪਾਈ ਗਈ ਆਰ.ਟੀ.ਆਈ. ਅਰਜੀ ਆਰ.ਟੀ.ਆਈ.ਐਕਟ ਅਧੀਨ ਕਵਰ ਨਹੀਂ ਹੁੰਦੀ ਕਿਉਂਜੋ ਸੂਚਨਾ ਸਬੰਧੀ ਪੂਰਾ ਵੇਰਵਾ ਨਹੀਂ ਸੀ ਦਿੱਤਾ ਗਿਆ ਅਤੇ ਇਹ ਪਾਣੀ ਅਤੇ ਬਿਜਲੀ ਦੇ ਬਿੱਲ ਦਾ ਮਾਮਲਾ ਹੈ ਜ਼ੋ ਪੰਚਾਇਤ ਦੀ ਪੱਧਰ ਦਾ ਮਾਮਲਾ ਹੈ ਫਿਰ ਵੀ ਸਬੰਧਤ ਵਿਭਾਗਾਂ ਵਲੋਂ ਇਸ ਕੇਸ ਵਿਚ ਅਪੀਲਕਰਤਾ ਨੂੰ ਉਪਲਬਧ ਸੂਚਨਾ ਮੁਹੱਈਆ ਕਰਵਾ ਦਿੱਤੀ ਗਈ ਹੈ। ਇਸ ਲਈ ਇਸ ਕੇਸ ਵਿਚ ਹੋਰ ਕਿਸੇ ਕਾਰਵਾਈ ਦੀ ਲੋੜ ਨਹੀਂ। ਇਹ **ਅਪੀਲ ਕੇਸ ਪਹਿਲਾਂ ਹੀ ਦਾਖਲ ਦਫਤਰ** ਕੀਤਾ ਜਾ ਚੁੱਕਾ ਹੈ ਅਤੇ ਇਸ ਤਰ੍ਹਾਂ ਕੰਪਲਾਇਸ ਵੀ ਮੁਕੰਮਲ ਹੋ ਜਾਂਦੀ ਹੈ।

0

(ਨਿਧੱੜਕ ਸਿੰਘ ਬਰਾੜ)
**ਮਿਤੀ: ਚੰਡੀਗੜ੍ਹ,** 11 ਮਾਰਚ, 2020. ਰਾਜ ਸੂਚਨਾ ਕਮਿਸ਼ਨਰ, ਪੰਜਾਬ।

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ੍ਰੀਮਤੀ ਕੁਲਵਿੰਦਰ ਕੋਰ 7888312776
ਚੈਂਬਰ ਨ: 122 ਐਮ.ਜੀ.ਕੰਪਲੈਕਸ ਸਜ਼ਿਲ੍ਹਾ ਕਚਹਿਰੀ, ਪਟਿਆਲਾ ------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਫਸਰ,
ਦਫਤਰ ਪੰਜਾਬੀ ਯੁਨੀਵਰਸਿਟੀ, ਪਟਿਆਲਾ।
ਪਹਿਲੀ ਅਪੀਲੀ ਅਥਾਰਟੀ,
ਦਫਤਰ ਪੰਜਾਬੀ ਯੁਨੀਵਰਸਿਟੀ, ਪਟਿਆਲਾ । ------ਉੱਤਰਦਾਤਾ

**ਅਪੀਲ ਕੇਸ ਨੰ:279 ਆਫ 2020**

**ਹਾਜ਼ਰ:**

1. ਅਪੀਲਕਰਤਾ ਵਲੋਂ ਕੋਈ ਨਹੀਂ।
2. ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਸ੍ਰੀ ਐਂਜਲ ਸ਼ਰਮਾਂ, ਐਡਵੋਕੇਟ (9876884444)

**ਹੁਕੱਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 28-9-2019, ਲੋਕ ਸੂਚਨਾ ਅਧਿਕਾਰੀ ਦਫਤਰ ਪੰਜਾਬੀ ਯੁਨੀਵਰਸਿਟੀ, ਪਟਿਆਲਾ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਆਪਣੇ ਸ਼ੀ.ਲੀਵ ਪੇਪਰ ।। ਵਿਚੋਂ ਰੀਅਪੀਅਰ ਆਉਣ ਉਪਰੰਤ ਮਿਤੀ 31-10-2018 ਨੂੰ ਰੀਚੈਕਿੰਗ ਦੀ ਫੀਸ ਭਰੀ ਗਈ ਸੀ ਰੋਲ ਨੰ: 12561 ਦੇ ਰਿਜਲਟ ਬਾਰੇ ਜਾਣਕਾਰੀ ਅਤੇ ਪੇਪਰ ਦੀ ਉੱਤਰ ਕਾਪੀ ਨਾਲ ਸਬੰਧਤ ਸੂਚਨਾ ਦੀ ਮੰਗ ਕੀਤੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 11-11-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 13-1-2020 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ। ਇਸ ਕੇਸ ਨੂੰ ਪੜਚੋਲਣ ਉਪਰੰਤ ਮਿਤੀ 04-02-2020 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 11-03-2020 ਨੂੰ ਸਵੇਰੇ 11:30 ਵਜੇ ਲਈ ਨਿਸ਼ਚਿਤ ਕੀਤਾ ਗਿਆ ਸੀ।

2. ਅਪੀਲਕਰਤਾ ਵਲੋਂ ਕੋਈ ਹਾਜ਼ਰ ਨਹੀਂ ਹੋਇਆ, ਪਰ ਉਸ ਵਲੋਂ ਈ.ਮੇਲ ਮਿਤੀ 02-03-2020 ਰਾਹੀਂ ਬੇਨਤੀ ਕੀਤੀ ਗਈ ਕਿ ਉਹ ਹਾਜ਼ਰ ਨਹੀਂ ਹੋ ਸਕਦੀ, ਉਸ ਵਲੋਂ ਮੰਗੀ ਗਈ ਸੂਚਨਾ ਉੱਤਰਦਾਤਾ ਵਲੋਂ ਜਾਣਬੁਝ ਕੇ ਨਹੀਂ ਦਿੱਤੀ ਜਾ ਰਹੀ ਅਤੇ ਨਾਂ ਹੀ ਮੇਰਾ ਰਿਜਲਟ ਘੋਸ਼ਿਤ ਕੀਤਾ ਗਿਆ ਹੈ, ਉਨ੍ਹਾਂ ਵਿਰੁੱਧ ਸ਼ਖਤ ਕਾਰਵਾਈ ਕੀਤੀ ਜਾਵੇ। ਈ.ਮੇਲ ਮਿਸਲ ਤੇ ਰੱਖ ਉਪਲਭਧ ਹੈ।

3. ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਸ੍ਰੀ ਐਂਜਲ ਸ਼ਰਮਾਂ, ਐਡਵੋਕੇਟ ਹਾਜ਼ਰ ਹੋਇਆ, ਉਸ ਵਲੋਂ ਵਕਾਲਤਨਾਮਾ ਪੇਸ਼ ਕੀਤਾ ਗਿਆ ਜ਼ੋ ਕਿ ਤੇ ਰੱਖ ਲਿਆ ਗਿਆ ਹੈ, ਇਸ ਦੇ ਨਾਲ ਹੀ ਪੱਤਰ ਨੰ: 1174/ਐਸ-6/1098/19/ਆਰ.ਟੀ.ਆਈ.ਸੈਲ ਮਿਤੀ 4-3-2020 ਪੇਸ਼ ਕੀਤਾ ਗਿਆ ਜ਼ੋ ਪਹਿਲਾਂ ਹੀ ਡਾਕ ਰਾਹੀਂ ਮਿਤੀ 6-3-2020 ਨੂੰ ਪ੍ਰਾਪਤ ਹੋ ਚੁੱਕਾ ਹੈ, ਮਿਸਲ ਤੇ ਉਪਲਭਧ ਹੈ।

4. ਅਪੀਲਕਰਤਾ ਵਲੌਂ ਪ੍ਰਾਪਤ ਈ.ਮੇਲ ਅਨੁਸਾਰ ਉਸਨੂੰ ਮੰਗੀ ਗਈ ਸੂਚਨਾ ਮੁਹੱਈਆ ਨਹੀਂ ਕਰਵਾਈ ਗਈ। ਉੱਤਰਦਾਤਾ ਵਲੋਂ ਹਾਜ਼ਰ ਨੁਮਾਇੰਦੇ ਵਲੋਂ ਪੇਸ਼ ਕੀਤੇ ਗਏ ਪੱਤਰ ਮਿਤੀ 4-3-2020 ਅਨੁਸਾਰ ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਦਸਿਆ ਗਿਆ ਕਿ ਅਪੀਲਕਰਤਾ ਨੂੰ ਪੱਤਰ ਮਿਤੀ 7-11-2019 ਰਾਹੀਂ ਜਾਣਕਾਰੀ ਦੇ ਦਿੱਤੀ ਗਈ ਸੀ ਕਿ ਕਲਾਸ ਦੇ ਸੈਸ਼ਨ ਸਲਾਨਾ/ਸਮੈਸਟਰ ਅਤੇ ਪੇਪਰ ਦਾ ਨਾਮ ਨਹੀਂ ਲਿਖਿਆ ਗਿਆ। ਇਸ ਉਪਰੰਤ ਮਿਤੀ 11-11-2019 ਜ਼ੋ ਮਿਤੀ 14-11-2019 ਨੂੰ ਪ੍ਰਾਪਤ ਹੋਇਆ ਰਾਹੀਂ ਬਿਨੈਕਾਰ ਵਲੋਂ ਪੇਪਰ ਦਾ ਨਾਮ ਆਦਿ ਦਸਿਆ ਗਿਆ ਜ਼ੋ ਪਹਿਲੀ ਅਪੀਲ ਦੀ ਸੁਣਵਾਈ ਉਪਰੰਤ ਪ੍ਰਾਪਤ ਹੋਇਆ ਸੀ। ਇਸ ਦੇ ਨਾਲ ਹੀ ਉੱਤਰਦਾਤਾ ਵਲੋਂ ਆਪਣੇ ਪੱਤਰ ਰਾਹੀਂ ਦਸਿਆ ਗਿਆ ਕਿ ਉਨ੍ਹਾਂ ਦਾ ਨਤੀਜਾ ਰੋਲ ਨੰ: 12561,ਬੀ.ਲੀਵ(ਐਨੂਅਲ)ਏ/2018 ਦਾ ਨਤੀਜਾ ਆਰ-।। ਬਣਦਾ ਹੈ ਅਤੇ ਅਪ੍ਰੈਲ/ਮਈ 2018 ਦੀਆਂ ਉਤਰ ਕਾਪੀਆਂ ਦੀ ਰੱਦੀ ਵੇਚ ਦਿੱਤੀ ਗਈ ਹੋਣ ਕਰਕੇ ਉੱਤਰ ਕਾਪੀ ਦੀ ਫੋਟੋਕਾਪੀ ਮੁਹੱਈਆ ਨਹੀਂ ਕਰਵਾਈ ਗਈ। ਇਸ ਸਬੰਧੀ ਪ੍ਰੋਸਿਡਿੰਗ ਅਤੇ ਹੁਕੱਮਾਂ ਦੀ ਕਾਪੀ ਵੀ ਪੇਸ਼ ਕੀਤੀ ਗਈ ਹੈ। ਹਾਜ਼ਰ ਉੱਤਰਦਾਤਾ ਵਲੋਂ ਇਹ ਤੱਥ ਪੇਸ਼ ਕੀਤੇ ਗਏ ਕਿ ਪ੍ਰੋਸੀਡਿੰਗਜ਼ 8/2019 ਵਿਚ ਚਲ ਰਹੀਆਂ ਸਨ, ਆਰ.ਟੀ.ਆਈ ਦੀ ਆਰਜੀ 18-9-2019 ਨੂੰ ਪਾਈ ਗਈ ਸੀ। ਇਸ ਤਰ੍ਹਾਂ ਅਰਜੀ ਦੀ ਪ੍ਰਾਪਤੀ ਅਤੇ 11-11-2019 ਨੂੰ ਮੰਗੀ ਗਈ ਜਾਣਕਾਰੀ ਤੋਂ ਪਹਿਲਾਂ ਹੀ ਰਿਕਾਰਡ ਰੱਦੀ ਵਿਚ ਵੇਚਿਆ ਜਾ ਚੁੱਕਾ ਸੀ। ਜਿਸ ਸਬੰਧੀ ਅਪੀਲਕਰਤਾ ਨੂੰ ਪੱਤਰ ਮਿਤੀ 21-1-2020 ਰਾਹੀਂ ਸੂਚਿਤ ਕੀਤਾ ਜਾ ਚੁੱਕਾ ਹੈ। ਇਸ ਲਈ ਜ਼ੋ ਉੱਤਰ ਦਿੱਤਾ ਗਿਆ ਹੈ ਉਹ ਠੀਕ ਹੈ। ਇਸ ਲਈ ਇਹ **ਅਪੀਲ ਕੇਸ ਦਾਖਲ ਦਫਤਰ** ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)
ਮਿਤੀ: ਚੰਡੀਗੜ੍ਹ, 11 ਮਾਰਚ, 2020. ਰਾਜ ਸੂਚਨਾ ਕਮਿਸ਼ਨਰ, ਪੰਜਾਬ।

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ੍ਰੀ ਜਗਜੀਤ ਸਿੰਘ 9914248131
ਅਮਨ ਨਗਰ, ਗੱਲੀ ਨੰ: 3 ਪਿੱਛੈ ਗਰੀਨ ਲੈਂਡ ਸਕੂਲ,
ਨੇੜੇ ਜਲੰਧਰ ਬਾਈ ਪਾਸ, ਲੁਧਿਆਣਾ। ------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਫਸਰ,
ਦਫਤਰ ਜ਼ਿਲ੍ਹਾ ਇੰਡਸਟਰੀਜ਼ ਸੈਂਟਰ, ਲੁਧਿਆਣਾ।

ਪਹਿਲੀ ਅਪੀਲੀ ਅਥਾਰਟੀ,
ਦਫਤਰ ਡਾਇਰੈਕਟਰ ਆਫ ਇੰਡਸਟਰੀਜ਼ ਐਂਡ ਕਮਰਸ, ਪੰਜਾਬ, ਚੰਡੀਗੜ੍ਹ। ------ਉੱਤਰਦਾਤਾ

**ਅਪੀਲ ਕੇਸ ਨੰ:289 ਆਫ 2020**

**ਹਾਜ਼ਰ:**

1. ਅਪੀਲਕਰਤਾ ਵਲੋਂ ਕੋਈ ਨਹੀਂ।
2. ਉੱਤਰਦਾਤਾ (ਲੋਕ ਸੂਚਨਾ ਅਫਸਰ) ਸ੍ਰੀ ਸੁਖਵਿੰਦਰ ਸਿੰਘ ਰਿੱਖੀ (9888880556)

**ਹੁਕੱਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 06-06-2019, ਲੋਕ ਸੂਚਨਾ ਅਧਿਕਾਰੀ ਦਫਤਰ ਜ਼ਿਲ੍ਹਾ ਇੰਡਸਟਰੀਜ਼ ਸੈਂਟਰ, ਲੁਧਿਆਣਾ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਡੀ.ਆਈ.ਜੀ. ਲੁਧਿਆਣ ਤੋਂ ਸੰਤ ਕ੍ਰਿਪਾਲ ਵਿਧਾਇਕ ਮਿਸ਼ਨ ਦੇ ਗਰੁਪ ਆਫ ਗਰੀਨ ਲੈਂਡ ਸਕੂਲਾਂ ਦੇ ਟਰੱਸਟ ਮੈਂਬਰਾਂ ਨਾਲ ਸਬੰਧਤ 09 ਨੁਕਤਿਆਂ ਸਬੰਧੀ ਸੂਚਨਾ ਦੀ ਮੰਗ ਕੀਤੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸਹੀ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 10-09-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 14-01-2020 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ। ਇਸ ਕੇਸ ਨੂੰ ਪੜਚੋਲਣ ਉਪਰੰਤ ਮਿਤੀ 04-2-2020 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 11-03-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅਪੀਲਕਰਤਾ ਵਲੋਂ ਕੋਈ ਹਾਜ਼ਰ ਨਹੀਂ ਹੋਇਆ ਪਰ ਉਸ ਵਲੋਂ ਪੱਤਰ ਮਿਤੀ 04-3-2020 ਜ਼ੋ ਡਾਕ ਰਾਹੀਂ ਪ੍ਰਾਪਤ ਹੋਇਆ ਜਿਸ ਰਾਹੀਂ ਉਸਨੇ ਦਸਿਆ ਹੈ ਕਿ ਉਹ ਸੁਣਵਾਈ ਦੀ ਮਿਤੀ 11-03-2020 ਤੇ ਹਾਜ਼ਰ ਨਹੀਂ ਹੋ ਸਕਦਾ ਇਸ ਲਈ ਮੰਗੀ ਗਈ ਸੂਚਨਾ ਮੁਹੱਈਆ ਕਰਵਾਈ ਜਾਵੇ। ਕਿਉਂਜੋ ਮੰਗੀ ਗਈ ਸੂਚਨਾ ਦਾ ਸਬੰਧ ਲੋਕ ਹਿੱਤ ਨਾਲ ਹੈ।

3. ਉੱਤਰਦਾਤਾ (ਲੋਕ ਸੂਚਨਾ ਅਫਸਰ) ਸ੍ਰੀ ਸੁਖਵਿੰਦਰ ਸਿੰਘ ਰਿੱਖੀ ਹਾਜ਼ਰ ਹੋਇਆ, ਉਸ ਵਲੋਂ ਪੱਤਰ ਮੀਮੋ ਨ: ਜਿਵਕੇ/ਲੁਧਿ 901, ਮਿਤੀ 14-2-2020 ਪੇਸ਼ ਕੀਤਾ ਗਿਆ ਜ਼ੋ ਕਿ ਈ.ਮੇਲ ਅਤੇ ਡਾਕ ਰਾਹੀਂ ਵੀ ਪ੍ਰਾਪਤ ਹੋ ਚੁੱਕਾ ਹੈ, ਮਿਸਲ ਤੇ ਉਪਲਬਧ ਹੈ।

4. ਅਪੀਲਕਰਤਾ ਵਲੋਂ ਪ੍ਰਾਪਤ ਈ.ਮੇਲ ਰਾਹੀਂ ਮੰਗੀ ਗਈ ਸੂਚਨਾ ਮੁਹੱਈਆ ਕਰਵਾਉਣ ਲਈ ਬੇਨਤੀ ਕੀਤੀ ਗਈ ਹੈ। ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਪੇਸ਼ ਕੀਤੇ ਗਏ ਉਕਤ ਪੱਤਰ ਮਿਤੀ 14-2-2020 ਰਾਹੀਂ ਦਸਿਆ ਗਿਆ ਹੈ ਕਿ ਅਪੀਲਕਰਤਾ ਵਲੋਂ ਕੀਤੀ ਗਈ ਉਕਤ ਅਪੀਲ ਮੇਨਟੇਨਏਬਲ ਨਹੀਂ ਹੈ। ਅਪੀਲਕਰਤਾ ਵਲੋਂ ਆਪਣੀ ਅਰਜੀ ਮਿਤੀ 6-6-2019 ਰਾਹੀਂ ਮੰਗੀ ਗਈ ਸੂਚਨਾ ਦੇ ਸਬੰਧ ਵਿਚ ਪੱਤਰ ਮਿਤੀ 13-6-2019 ਅਤੇ ਪੱਤਰ ਮਿਤੀ 27-6-2019 ਰਾਹੀਂ ਅਪੀਲਕਰਤਾ ਪਾਸੋਂ ਸੋਸਾਇਟੀ ਦੇ ਰਜਿਸਟਰੇਸ਼ਨ ਨੰਬਰ ਅਤੇ ਮਿਤੀ ਬਾਰੇ ਸੂਚਿਤ ਕਰਨ ਲਈ ਲਿਖਿਆ ਗਿਆ। ਉਸ ਵਲੋਂ ਆਪਣੇ ਪੱਤਰ ਮਿਤੀ 02-07-2019 ਰਾਹੀਂ ਦਸਿਆ ਗਿਆ ਕਿ ਇਸ ਸਕੂਲ ਦਾ ਲੈਟਰ ਪੈਡ ਹੀ ਹੈ ਹੋਰ ਕੋਈ ਸੂਚਨਾ ਜਾਂ ਰਜਿਸਟਰੇਸ਼ਨ ਨੰਬਰ ਆਦਿ ਨਹੀਂ ਹੈ। ਇਸ ਦੇ ਨਾਲ ਹੀ ਉਨ੍ਹਾਂ ਵਲੋਂ ਪੱਤਰ ਮਿਤੀ 3-7-2019 ਰਾਹੀਂ ਪਹਿਲੀ ਅਪੀਲੀ ਅਥਾਰਟੀ ਬਾਰੇ ਦਸ ਦਿੱਤਾ ਗਿਆ ਅਤੇ ਨਾਲ ਹੀ ਪੱਤਰ ਮਿਤੀ 6-8-2019 ਰਾਹੀਂ ਮਿਤੀ 14-8-2019 ਨੂੰ ਅਪੀਲ ਦੀ ਸੁਣਵਾਈ ਲਈ ਬੁਲਾਇਆ ਗਿਆ। ਇਸ ਦੇ ਨਾਲ ਹੀ ਦਸਿਆ ਗਿਆ ਕਿ ਅਪੀਲਕਰਤਾ ਦੀ ਪ੍ਰਤੀ ਬੇਨਤੀ ਨੂੰ ਘੋਖਣ ਤੇ ਪਾਇਆ ਗਿਆ ਕਿ ਅਪੀਲਕਰਤਾ ਵਲੋਂ ਟਰੱਸਟ ਮੈਂਬਰਾਂ ਦੀ ਲਿਸਟ ਮੰਗੀ ਜਾ ਰਹੀ ਹੈ ਨਾ ਕਿ ਸੋਸਾਇਟੀ ਸਬੰਧੀ ਜਿਸਦਾ ਸਬੰਧ ਉਨ੍ਹਾਂ ਦੇ ਦਫਤਰ ਨਾਲ ਨਹੀਂ । ਇਸ ਲਈ ਆਰ.ਟੀ.ਆਈ.ਐਕਟ ਦੀ ਧਾਰਾ 2 ਐਫ ਅਨੁਸਾਰ ਉਨ੍ਹਾਂ ਦੇ ਵਿਭਾਗ ਪਾਸੋਂ ਮੰਗੀ ਗਈ ਸੂਚਨਾ ਨਿੱਲ ਸਮਝੀ ਜਾਵੇ।ਇਹ ਸੂਚਨਾ ਅਪੀਲਕਰਤਾ ਨੂੰ ਵੀ ਭਜੀ ਜਾ ਚੁੱਕੀ ਹੈ। ਉੱਤਰਦਾਤਾ ਵਲੋਂ ਦਿੱਤੀ ਗਈ ਸੂਚਨਾ ਅਨੁਸਾਰ ਉਹ ਟਰੱਸਟ ਨੂੰ ਰਜਿਸਟਰਡ ਨਹੀਂ ਕਰਦੇ , ਇਸ ਲਈ ਇਹ ਕੇਸ ਆਰ.ਟੀ.ਆਈ. ਅਧੀਨ ਕਵਰ ਨਹੀਂ ਹੁੰਦਾ ਇਸ ਕੇਸ ਨੂੰ ਅਗੇ ਚਲਾਉਣ ਦੀ ਲੋੜ ਨਹੀਂ। ਉਤਰਦਾਤਾ ਵਲੋਂ ਅਪੀਲਕਰਤਾ ਨੂੰ ਦਿੱਤੀ ਗਈ ਸੂਚਨਾ ਸਹੀ ਹੈ ਅਤੇ ਕਮਿਸ਼ਨ ਦਿੱਤੀ ਗਈ ਸੂਚਨਾ ਤੋਂ ਸੰਤੁਸ਼ਟ ਹੈ। ਇਸ ਲਈ ਇਹ **ਅਪੀਲ ਕੇਸ ਦਾਖਲ ਦਫਤਰ** ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)

**ਮਿਤੀ: ਚੰਡੀਗੜ੍ਹ,** 11 ਮਾਰਚ, 2020. **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ੍ਰੀ ਮਨਪ੍ਰੀਤ ਸਿੰਘ ਭੱਟੀ 988555041
ਰੂਮ ਨੰ: 28 ਸੀਟ ਨ: 70 ਨਿੱਊ ਬਾਰ ਕੰਪਲੈਕਸ,
ਪੰਜਾਬ ਅਤੇ ਹਰਿਆਣਾ ਹਾਈ ਕੋਰਟ, ਚੰਡੀਗੜ੍ਹ। ------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਫਸਰ,
ਦਫਤਰ ਰਜਿਸਟਰਾਰ ਆਫ ਫਰਮਜ ਐਂਡ ਸੁਸਾਇਟੀਜ਼ ਪੰਜਾਬ,
ਸੈਕਟਰ 17, ਚੰਡੀਗੜ੍ਹ।

ਪਹਿਲੀ ਅਪੀਲੀ ਅਥਾਰਟੀ,
ਰਜਿਸਟਰਾਰ ਆਫ ਫਰਮਜ ਐਂਡ ਸੁਸਾਇਟੀਜ਼ ਪੰਜਾਬ,
ਸੈਕਟਰ 17, ਚੰਡੀਗੜ੍ਹ। ------ਉੱਤਰਦਾਤਾ

**ਅਪੀਲ ਕੇਸ ਨੰ:293 ਆਫ 2020**

**ਹਾਜ਼ਰ:**

1. ਅਪੀਲਕਰਤਾ ਵਲੋਂ ਨਹੀਂ।
2. ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਸ੍ਰੀ ਸਤਨਾਮ ਸਿੰਘ ਅਤੇ ਦਲਵੀਰ ਸਿੰਘ (9855611320)

**ਹੁਕੱਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 13-09-2019, ਲੋਕ ਸੂਚਨਾ ਅਧਿਕਾਰੀ ਦਫਤਰ ਰਜਿਸਟਰਾਰ ਆਫ ਫਰਮਜ ਐਂਡ ਸੁਸਾਇਟੀਜ਼ ਪੰਜਾਬ, ਸੈਕਟਰ 17, ਚੰਡੀਗੜ੍ਹ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਰਜਿਸਟਰਾਰ ਆਫ ਫਰਮਜ਼ ਤੋਂ ਨੋਬਲ ਐਜੂਕੇਸ਼ਨਲ ਟਰੱਸਟ ਲੁਧਿਆਣਾ ਨਾਲ ਸਬੰਧਤ 04 ਨੁਕਤਿਆਂ ਸਬੰਧੀ ਸੂਚਨਾ ਦੀ ਮੰਗ ਕੀਤੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 31-10-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 14-01-2020 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ। ਇਸ ਕੇਸ ਨੂੰ ਪੜਚੋਲਣ ਉਪਰੰਤ ਮਿਤੀ 04-02-2020 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 11-03-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅਪੀਲਕਰਤਾ ਵਲੋਂ ਕੋਈ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਹਾਜ਼ਰ ਨਾ ਹੋਣ ਬਾਰੇ ਕੋਈ ਸੂਚਨਾ ਪ੍ਰਾਪਤ ਹੋਈ ਹੈ।

3. ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਸ੍ਰੀ ਸਤਨਾਮ ਸਿੰਘ ਅਤੇ ਦਲਵੀਰ ਸਿੰਘ ਹਾਜ਼ਰ ਹੋਏ, ਉਨ੍ਹਾਂ ਵਲੋਂ ਪੱਤਰ ਨੰ: 4526 ਮਿਤੀ 09-03-2020 ਪੇਸ਼ ਕੀਤਾ ਗਿਆ ਜੋ ਅਪੀਲਕਰਤਾ ਨੂੰ ਸੰਬੋਧਤ ਹੈ। ਪੱਤਰ ਮਿਸਲ ਤੇ ਰੱਖ ਲਿਆ ਗਿਆ ਹੈ।

4. ਅਪੀਲਕਰਤਾ ਹਾਜ਼ਰ ਨਹੀਂ ਹੋਇਆ । ਉੱਤਰਦਾਤਾ ਵਲੋਂ ਹਾਜ਼ਰ ਨੁਮਾਇੰਦਿਆਂ ਵਲੋਂ ਪੇਸ਼ ਕੀਤੇ ਗਏ ਉਕਤ ਪੱਤਰ ਮਿਤੀ 09-03-2020 ਰਾਹੀਂ ਅਪੀਲਕਰਤਾ ਵਲੋਂ ਮੰਗੀ ਗਈ ਸੂਚਨਾ ਪੇਸ਼ੀ ਦੋਰਾਨ ਪੇਸ਼ ਕੀਤੀ ਗਈ ਅਤੇ ਅਪੀਲਕਰਤਾ ਨੂੰ ਦੇਣ ਲਈ ਲਿਆਂਦੀ ਗਈ ਸੀ। ਕਿਉਂਜੋ ਅਪੀਲਕਰਤਾ ਪੇਸ਼ੀ ਤੇ ਹਾਜ਼ਰ ਨਹੀਂ ਸੀ ਇਸ ਲਈ ਉਨ੍ਹਾਂ ਨੂੰ ਅਪੀਲਕਰਤਾ ਦੀ ਕਾਪੀ ਉਸਨੂੰ ਰਜਿਸਟਰਡ ਪੋਸਟ ਰਾਹੀਂ ਭੇਜਣ ਲਈ ਹਦਾਇਤ ਕੀਤੀ ਗਈ। ਉੱਤਰਦਾਤਾ ਦੇ ਨੁਮਾਇੰਦੇ ਵਲੋਂ ਅਪੀਲਕਰਤਾ ਨੂੰ ਲਿਆਂਦੀ ਗਈ ਸੂਚਨਾ ਭੇਜਦੇ ਹੋਏ ਰਜਿਸਟਰੀ ਦੀ ਰਸੀਦ ਦੀ ਕਾਪੀ ਕਮਿਸ਼ਨ ਨੂੰ ਪੇਸ਼ ਕਰ ਦਿੱਤੀ ਗਈ । ਇਸ ਤਰ੍ਹਾਂ ਉੱਤਰਦਾਤਾ ਵਲੋਂ ਅਪੀਲਕਰਤਾ ਨੂੰ ਮੰਗੀ ਗਈ ਸੂਚਨਾ ਮੁਹੱਈਆ ਕਰਵਾਈ ਜਾ ਚੁੱਕੀ ਹੈ। ਇਸ ਲਈ ਇਸ ਕੇਸ ਵਿਚ ਹੋਰ ਕਿਸੇ ਕਾਰਵਾਈ ਦੀ ਲੋੜ ਨਹੀ਼। ਇਹ **ਅਪੀਲ ਕੇਸ ਦਾਖਲ ਦਫਤਰ** ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)
**ਮਿਤੀ: ਚੰਡੀਗੜ੍ਹ,** 11 **ਮਾਰਚ,** 2020. **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ੍ਰੀ ਗੁਰਸੇਵਕ ਸਿੰਘ 94173940904
ਪਿੰਡ ਭੰਬਾ ਲੰਡਾ, ਤਹਿਸੀਲ ਵਾ:ਜ਼ਿਲ੍ਹਾ ਫਿਰੋਜ਼ਪੁਰ। ------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਫਸਰ,
ਦਫਤਰ ਡੀ.ਡੀ.ਪੀ.ਓ. ਫਿਰੋਜ਼ਪੁਰ।

ਪਹਿਲੀ ਅਪੀਲੀ ਅਥਾਰਟੀ,
ਡਾਇਰੈਕਟਰ ਰੂਰਲ ਡਿਵੈਲਪਮੈਂਟ ਐਂਡ ਪੰਚਾਇਤ ਵਿਕਾਸ ਭਵਨ, ਪੰਜਾਬ
ਸੈਕਟਰ 62, ਚਡੀਗੜ੍ਹ। ------ਉੱਤਰਦਾਤਾ

**ਅਪੀਲ ਕੇਸ ਨੰ:1445 ਆਫ 2019**

**ਹਾਜ਼ਰ:**

1. ਅਪੀਲਕਰਤਾ ਸ੍ਰੀ ਗੁਰਸੇਵਕ ਸਿੰਘ
2. ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਸ੍ਰੀ ਗੁਰਜਿੰਦਰ ਸਿੰਘ, ਬੀ.ਡੀ.ਪੀ.ਓ. (9855300174)

**ਹੁਕੱਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 3-1-2019, ਲੋਕ ਸੂਚਨਾ ਅਧਿਕਾਰੀ ਦਫਤਰ ਡੀ.ਡੀ.ਪੀ.ਓ. ਫਿਰੋਜ਼ਪੁਰ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਗ੍ਰਾਮ ਪਚਾਇਤ ਪਿੰਡ ਭੰਬਾ ਲਡਾ, ਬਲਾਕ ਘੱਲ ਖੁਰਦ, ਤਹਿਸੀਲ ਅਤੇ ਜਿਲਾ ਫਿਰੋਜ਼ਪੁਰ ਦੇ ਉਸ ਸਮੇਂ ਦੇ ਸਰਪੰਚ ਸ੍ਰੀ ਗੁਰਪ੍ਰੀਤ ਸਿੰਘ ਵਲੋਂ ਪਿਡ ਦੇ ਵਿਕਾਸ ਲਈ ਸਾਲ 2013 ਤੋਂ 2018 ਤੱਕ ਗ੍ਰਾਂਟ ਨਾਲ ਸਬੰਧਤ 03 ਨੁਕਤਿਆਂ ਸਬੰਧੀ ਸੂਚਨਾ ਦੀ ਮੰਗ ਕੀਤੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 14-3-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 16-4-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ। ਇਸ ਕੇਸ ਵਿਚ ਪੂਰਵਲੇ ਕਮਿਸ਼ਨ ਸ੍ਰੀ ਯਸ਼ਵੀਰ ਮਹਾਜਨ ਜੀ ਵਲੋਂ ਮਿਤੀ 31-10-2019 ਦੇ ਹੁਕੱਮਾਂ ਬਾਅਦ ਇਹ ਕੇਸ ਇਸ ਕਮਿਸ਼ਨ ਨੂੰ ਅਲਾਟ ਹੋਣ ਉਪਰੰਤ ਇਸ ਕਮਿਸ਼ਨ ਵਲੋਂ ਇਸ ਕੇਸ ਨੂੰ ਪੜਚੋਲਣ ਉਪਰੰਤ ਮਿਤੀ 08-01-2020 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 24-02-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਪਿਛਲੀ ਮਿਤੀ 24-02-2020 ਨੂੰ ਅਪੀਲਕਰਤਾ ਸ੍ਰੀ ਗੁਰਸੇਵਕ ਸਿੰਘ ਹਾਜ਼ਰ ਹੋਇਆ, ਅਪੀਲਕਰਤਾ ਵਲੋਂ ਦਸੇ ਅਨੁਸਾਰ ਉਸਨੂੰ ਕਾਫੀ ਸਮਾਂ ਬੀਤ ਚੁੱਕਾ ਹੈ ਪਰ ਉੱਤਰਦਾਤਾ ਵਲੋਂ ਕੋਈ ਸੂਚਨਾ ਨਹੀਂ ਦਿੱਤੀ ਗਈ। ਉੱਤਰਦਾਤਾ ਵਲੋਂ ਹਾਜਰ ਸ੍ਰੀ ਪਰਮਜੀਤ ਸਿੰਘ, ਪੰਚਾਇਤ ਸਕੱਤਰ ਵਲੋਂ ਉਕਤ ਪੱਤਰ ਮਿਤੀ 19-2-2020 ਪੇਸ਼ ਕੀਤਾ ਗਿਆ ਜ਼ੋ ਕਿ ਬੀ.ਡੀ.ਪੀ.ਓ., ਬਲਾਕ ਘੱਲ ਖੁਰਦ ਪੀ.ਆਈ.ਓ. ਵਲੋਂ ਲਿਖਿਆ ਗਿਆ ਹੈ। ਇਸ ਕੇਸ ਵਿਚ ਬਹੁਤ ਸਾਰੀਆਂ ਤਾਰੀਖਾਂ ਪੈ ਚੁੱਕੀਆਂ ਹਨ। ਉਕਤ ਪੱਤਰ ਰਾਹੀਂ ਬੀ.ਡੀ.ਪੀ.ਓ., ਬਲਾਕ ਘੱਲ ਖੁਰਦ ਪੀ.ਆਈ.ਓ. ਵਲੋਂ ਦੋਨੋਂ ਅਪੀਲ ਕੇਸਾਂ (ਅਪੀਲ ਕੇਸ ਨੰ:1445/2019 ਅਤੇ 1446/2019) ਵਿਚ ਇਕੋ ਪੱਤਰ ਲਿਖਿਆ ਗਿਆ ਹੈ ਜ਼ੋ ਕਿ ਬਿਲਕੁਲ ਲਾਹ ਪ੍ਰਵਾਹੀ ਵਾਲਾ ਕੰਮ ਹੈ। ਇਸ ਪੱਤਰ ਵਿਚ ਪਹਿਲੇ ਹੁਕੱਮਾਂ ਦਾ ਕੋਈ ਵੇਰਵਾ ਨਹੀਂ ਦਿੱਤਾ ਗਿਆ। ਇਹ ਕੇਸ ਪੂਰਵਲੇ ਕਮਿਸ਼ਨ ਵਲੋਂ ਮੇਰੇ ਪਾਸ ਆ ਗਿਆ ਹੈ, ਇਸ ਕੇਸ ਵਿਚ ਉਨ੍ਹਾਂ ਵਲੋਂ ਪਹਿਲਾਂ ਵੀ ਕਈ ਤਰ੍ਹਾਂ ਦੇ ਆਰਡਰ ਡਾਇਰੈਕਟਰ ਰੂਰਲ ਡਿਵੈਲਪਮੈਂਟ ਅਤੇ ਪੰਚਾਇਤ ਵਿਭਾਗ, ਪੰਜਾਬ ਨੂੰ ਵੀ ਕੀਤੇ ਹੋਏ ਹਨ। ਇਹ ਕੇਸ ਬੀ.ਡੀ.ਪੀ.ਓ. ਘੱਲ ਖੁਰਦ ਅਤੇ ਡੀ.ਡੀ.ਪੀ.ਓ. ਫਿਰੋਜ਼ਪੁਰ ਵਲੋਂ ਗੰਭੀਰਤਾ ਨਾਲ ਲਿਆ ਜਾਣਾ ਬਣਦਾ ਸੀ। ਇਸ ਕਰਕੇ ਹੁਕੱਮ ਦਿੱਤਾ ਗਿਆ ਸੀ ਕਿ ਬੀ.ਡੀ.ਪੀ.ਓ. ਅਤੇ ਡੀ.ਡੀ.ਪੀ.ਓ. ਜ਼ੋ ਪੰਚਾਇਤ ਵਿਭਾਗ ਦੇ ਦੋਵੇ ਅਧਿਕਾਰੀ ਹਨ , ਇਸ ਕੇਸ ਵਿਚ ਹੁਣ ਤੱਕ ਕੀਤੀ ਗਈ ਕਾਰਵਾਈ ਸਬੰਧੀ ਵੇਰਵੇ ਸਹਿਤ ਵਿਸਥਾਰਪੂਰਵਕ ਰਿਪੋਰਟ ਤਿਆਰ ਕਰਕੇ ਲਿਆਉਣਗੇ ਅਤੇ ਹੁਣ ਤੱਕ ਮੰਗੀ ਗਈ ਸੂਚਨਾ ਕਿਉਂ ਨਹੀਂ ਦਿੱਤੀ ਗਈ ਸਬੰਧੀ ਆਪਣਾ ਸਪਸ਼ੱਟੀਕਰਨ ਲੈ ਕੇ ਅਗਲੀ ਮਿਤੀ ਤੇ ਖ਼ੁੱਦ ਪੇਸ਼ ਹੋਣਗੇ।ਇਸ ਤਰ੍ਹਾਂ ਦੋਨੋ ਅਧਿਕਾਰੀ ਬੀ.ਡੀ.ਪੀ.ਓ., ਬਲਾਕ ਘੱਲ ਖੁਰਦ ਅਤੇ ਡੀ.ਡੀ.ਪੀ.ਓ. ਫਿਰੋਜ਼ਪਰੁ ਨਿਜੀ ਤੌਰ ਤੇ ਹਾਜ਼ਰ ਹੋਣ। ਇਸ ਹਦਾਇਤ ਨਾਲ ਇਹ ਕੇਸ ਅਗਲੀ ਸੁਣਵਾਈ ਮਿਤੀ 11-03-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

3. ਅਪੀਲਕਰਤਾ ਸ੍ਰੀ ਗੁਰਸੇਵਕ ਸਿੰਘ ਹਾਜ਼ਰ ਹੋਇਆ, ਉਸ ਵਲੋਂ ਦਸਿਆ ਗਿਆ ਕਿ ਉਸਨੂੰ ਅਜੇ ਤੱਕ ਮੰਗੀ ਗਈ ਸੂਚਨਾ ਮੁਹੱਈਆ ਨਹੀਂ ਕਰਵਾਈ ਗਈ।

4. ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਸ੍ਰੀ ਗੁਰਜਿੰਦਰ ਸਿੰਘ, ਬੀ.ਡੀ.ਪੀ.ਓ. ਘੱਲ ਖੁਰਦ ਹਾਜ਼ਰ ਹੋਇਆ, ਉਸ ਵਲੋਂ ਪੱਤਰ ਮਿਤੀ 11-3-2020 ਪੇਸ਼ ਕੀਤਾ ਗਿਆ । ਜ਼ੋ ਮਿਸਲ ਤੇ ਰੱਖ ਲਿਆ ਗਿਆ ਹੈ। ਇਸ ਤੋਂ ਇਲਾਵਾ ਪੀ.ਆਈ.ਓ, ਡੀ.ਡੀ.ਪੀ.ਓ. ਫਿਰੋਜ਼ਪੁਰ ਵਲੋਂ ਈ.ਮੇਲ. ਮਿਤੀ 11-3-2020 ਰਾਹੀਂ ਦਸਿਆ ਗਿਆ ਕਿ ਉਹ ਹਾਜ਼ਰ ਨਹੀਂ ਹੋ ਸਕਦੇ ਇਸ ਲਈ ਬੀ.ਡੀ.ਪੀ.ਓ. ਨੂੰ ਕੇਸ ਦੀ ਪੈਰਵੀ ਲਈ ਹਦਾਇਤ ਕਰ ਦਿੱਤੀ ਗਈ ਹੈ।

5. ਉੱਤਰਦਾਤਾ ਵਲੋਂ ਹਾਜ਼ਰ ਨੁਮਾਇੰਦੇ ਵਲੋਂ ਉਕਤ ਦਰਸਾਏ ਪੱਤਰ ਮਿਤੀ 11-3-2020 ਰਾਹੀਂ ਦਸਿਆ ਗਿਆ ਕਿ ਅਪੀਲਕਰਤਾ ਵਲੋਂ ਮੰਗੀ ਗਈ ਸੂਚਨਾ ਦੇ ਸਬੰਧ ਵਿਚ ਸਰਪੰਚ ਗਰਾਂਮ ਪੰਚਾਇਤ ਘੱਲ ਖੁਰਦ ਵਲੋਂ ਗਰਾਂਮ ਪੰਚਾਇਤ ਦਾ ਰਿਕਾਰਡ ਨਹੀਂ ਦਿੱਤਾ

ਪਰਤੋ ਜੀ----ਚਲਦਾ ਪੰਨਾ/2

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



**ਅਪੀਲ ਕੇਸ ਨੰ:1445 ਆਫ 2019**

ਜਾ ਰਿਹਾ ਜਿਸ ਸਬੰਧੀ ਡੀ.ਡੀ.ਪੀ.ਓ. ਫਿਰੋਜ਼ਪੁਰ ਅਤੇ ਬੀ.ਡੀ.ਪੀ.ਓ. ਵਲੋਂ ਕ੍ਰਮਵਾਰ ਆਪਣੇ ਪੱਤਰ ਮਿਤੀ 12-12-2019 ਅਤੇ ਮਿਤੀ 03-07-2019 ਰਾਹੀਂ ਡਾਇਰੈਕਟਰ ਪੇਡੂ ਵਿਕਾਸ ਅਤੇ ਪੰਚਾਇਤ ਵਿਭਾਗ, ਪੰਜਾਬ, ਮੋਹਾਲੀ ਨੂੰ ਲਿਖਿਆ ਗਿਆ ਹੈ, ਜਿਸ ਸਬੰਧੀ ਮਿਤੀ 16-03-2020 ਨੂੰ ਇਸ ਕੇਸ ਦੀ ਸੁਣਵਾਈ ਹੈ। ਇਸ ਲਈ ਡਾਇਰੈਕਟਰ ਪੇਡੂ ਵਿਕਾਸ ਅਤੇ ਪੰਚਾਇਤ ਵਿਭਾਗ, ਪੰਜਾਬ, ਮੋਹਾਲੀ ਵਲੋਂ ਜੋ ਫੈਸਲਾ ਕੀਤਾ ਗਿਆ ਉਸ ਮੁਤਾਬਿਕ ਬਣਦੀ ਕਾਰਵਾਈ ਕੀਤੀ ਜਾਵੇਗੀ। ਇਸ ਲਈ ਸਮੇ ਦੀ ਮੰਗ ਕੀਤੀ ਗਈ ਜਿਸਨੂੰ ਪ੍ਰਵਾਨ ਕਰਦੇ ਹੋਏ ਇਹ ਅਪੀਲ ਕੇਸ **ਅਗਲੀ ਸੁਣਵਾਈ ਲਈ ਮਿਤੀ 01-04-2020 ਨੂੰ ਸਵੇਰੇ 11.30 ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)

**ਮਿਤੀ: ਚੰਡੀਗੜ੍ਹ,** 11 ਮਾਰਚ, 2020. ਰਾਜ ਸੂਚਨਾ ਕਮਿਸ਼ਨਰ, ਪੰਜਾਬ।

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ੍ਰੀ ਗੁਰਸੇਵਕ ਸਿੰਘ 94173940904
ਪਿੰਡ ਭੰਬਾ ਲੰਡਾ, ਤਹਿਸੀਲ ਵਾ:ਜ਼ਿਲ੍ਹਾ ਫਿਰੋਜ਼ਪੁਰ। ------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਫਸਰ,
ਦਫਤਰ ਡੀ.ਡੀ.ਪੀ.ਓ. ਫਿਰੋਜ਼ਪੁਰ।
ਪਹਿਲੀ ਅਪੀਲੀ ਅਥਾਰਟੀ,
ਡਾਇਰੈਕਟਰ ਰੂਰਲ ਡਿਵੈਲਪਮੈਂਟ ਐਂਡ ਪੰਚਾਇਤ ਵਿਕਾਸ ਭਵਨ, ਪੰਜਾਬ
ਸੈਕਟਰ 62, ਚਡੀਗੜ੍ਹ। ------ਉੱਤਰਦਾਤਾ

**ਅਪੀਲ ਕੇਸ ਨੰ:1446 ਆਫ 2019**

**ਹਾਜ਼ਰ:**

1. ਅਪੀਲਕਰਤਾ ਸ੍ਰੀ ਗੁਰਸੇਵਕ ਸਿੰਘ
2. ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਸ੍ਰੀ ਗੁਰਜਿੰਦਰ ਸਿੰਘ, ਬੀ.ਡੀ.ਪੀ.ਓ. (9855300174)

**ਹੁਕੱਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 3-1-2019, ਲੋਕ ਸੂਚਨਾ ਅਧਿਕਾਰੀ ਦਫਤਰ ਡੀ.ਡੀ.ਪੀ.ਓ. ਫਿਰੋਜ਼ਪੁਰ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਗ੍ਰਾਮ ਪਚਾਇਤ ਪਿੰਡ ਭੰਬਾ ਲਡਾ, ਬਲਾਕ ਘੱਲ ਖੁਰਦ, ਤਹਿਸੀਲ ਅਤੇ ਜਿਲਾ ਫਿਰੋਜ਼ਪੁਰ ਦੇ ਉਸ ਸਮੇਂ ਦੇ ਸਰਪੰਚ ਰਜਵੰਤ ਕੌਰ ਵਲੋਂ ਪਿਡ ਦੇ ਵਿਕਾਸ ਲਈ ਸਾਲ 2003 ਤੋਂ 2008 ਤੱਕ ਗ੍ਰਾਂਟ ਨਾਲ ਸਬੰਧਤ 03 ਨੁਕਤਿਆਂ ਸਬੰਧੀ ਸੂਚਨਾ ਦੀ ਮੰਗ ਕੀਤੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 14-3-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 16-4-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ। ਇਸ ਕੇਸ ਵਿਚ ਪੁਰਵਲੇ ਕਮਿਸ਼ਨ ਸ੍ਰੀ ਯਸ਼ਵੀਰ ਮਹਾਜਨ ਜੀ ਵਲੋਂ ਮਿਤੀ 31-10-2019 ਦੇ ਹੁਕੱਮਾਂ ਬਾਅਦ ਇਹ ਕੇਸ ਇਸ ਕਮਿਸ਼ਨ ਨੂੰ ਅਲਾਟ ਹੋਣ ਉਪਰੰਤ ਇਸ ਕਮਿਸ਼ਨ ਵਲੋਂ ਇਸ ਕੇਸ ਨੂੰ ਪੜਚੋਲਣ ਉਪਰੰਤ ਮਿਤੀ 08-01-2020 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 24-02-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਪਿਛਲੀ ਮਿਤੀ 24-02-2020 ਨੂੰ ਅਪੀਲਕਰਤਾ ਸ੍ਰੀ ਗੁਰਸੇਵਕ ਸਿੰਘ ਹਾਜ਼ਰ ਹੋਇਆ, ਅਪੀਲਕਰਤਾ ਵਲੋਂ ਦਸੇ ਅਨੁਸਾਰ ਉਸਨੂੰ ਕਾਫੀ ਸਮਾਂ ਬੀਤ ਚੁੱਕਾ ਹੈ ਪਰ ਉੱਤਰਦਾਤਾ ਵਲੋਂ ਕੋਈ ਸੂਚਨਾ ਨਹੀਂ ਦਿੱਤੀ ਗਈ। ਉੱਤਰਦਾਤਾ ਵਲੋਂ ਹਾਜਰ ਸ੍ਰੀ ਪਰਮਜੀਤ ਸਿੰਘ, ਪੰਚਾਇਤ ਸਕੱਤਰ ਵਲੋਂ ਉਕਤ ਪੱਤਰ ਮਿਤੀ 19-2-2020 ਪੇਸ਼ ਕੀਤਾ ਗਿਆ ਜ਼ੋ ਕਿ ਬੀ.ਡੀ.ਪੀ.ਓ., ਬਲਾਕ ਘੱਲ ਖੁਰਦ ਪੀ.ਆਈ.ਓ. ਵਲੋਂ ਲਿਖਿਆ ਗਿਆ ਹੈ। ਇਸ ਕੇਸ ਵਿਚ ਬਹੁਤ ਸਾਰੀਆਂ ਤਾਰੀਖਾਂ ਪੈ ਚੁੱਕੀਆਂ ਹਨ। ਉਕਤ ਪੱਤਰ ਰਾਹੀਂ ਬੀ.ਡੀ.ਪੀ.ਓ., ਬਲਾਕ ਘੱਲ ਖੁਰਦ ਪੀ.ਆਈ.ਓ. ਵਲੋਂ ਦੋਨੋਂ ਅਪੀਲ ਕੇਸਾਂ (ਅਪੀਲ ਕੇਸ ਨੰ:1445/2019 ਅਤੇ 1446/2019) ਵਿਚ ਇਕੋ ਪੱਤਰ ਲਿਖਿਆ ਗਿਆ ਹੈ ਜ਼ੋ ਕਿ ਬਿਲਕੁਲ ਲਾਹ ਪ੍ਰਵਾਹੀ ਵਾਲਾ ਕੰਮ ਹੈ। ਇਸ ਪੱਤਰ ਵਿਚ ਪਹਿਲੇ ਹੁਕੱਮਾਂ ਦਾ ਕੋਈ ਵੇਰਵਾ ਨਹੀਂ ਦਿੱਤਾ ਗਿਆ। ਇਹ ਕੇਸ ਪੁਰਵਲੇ ਕਮਿਸ਼ਨ ਵਲੋਂ ਮੇਰੇ ਪਾਸ ਆ ਗਿਆ ਹੈ, ਇਸ ਕੇਸ ਵਿਚ ਉਨ੍ਹਾਂ ਵਲੋਂ ਪਹਿਲਾਂ ਵੀ ਕਈ ਤਰ੍ਹਾਂ ਦੇ ਆਰਡਰ ਡਾਇਰੈਕਟਰ ਰੂਰਲ ਡਿਵੈਲਪਮੈਂਟ ਅਤੇ ਪੰਚਾਇਤ ਵਿਭਾਗ, ਪੰਜਾਬ ਨੂੰ ਵੀ ਕੀਤੇ ਹੋਏ ਹਨ। ਇਹ ਕੇਸ ਬੀ.ਡੀ.ਪੀ.ਓ. ਘੱਲ ਖੁਰਦ ਅਤੇ ਡੀ.ਡੀ.ਪੀ.ਓ. ਫਿਰੋਜ਼ਪੁਰ ਵਲੋਂ ਗੰਭੀਰਤਾ ਨਾਲ ਲਿਆ ਜਾਣਾ ਬਣਦਾ ਸੀ। ਇਸ ਕਰਕੇ ਹੁਕੱਮ ਦਿੱਤਾ ਗਿਆ ਸੀ ਕਿ ਬੀ.ਡੀ.ਪੀ.ਓ. ਅਤੇ ਡੀ.ਡੀ.ਪੀ.ਓ. ਜ਼ੋ ਪੰਚਾਇਤ ਵਿਭਾਗ ਦੇ ਦੋਵੇ ਅਧਿਕਾਰੀ ਹਨ , ਇਸ ਕੇਸ ਵਿਚ ਹੁਣ ਤੱਕ ਕੀਤੀ ਗਈ ਕਾਰਵਾਈ ਸਬੰਧੀ ਵੇਰਵੇ ਸਹਿਤ ਵਿਸਥਾਰਪੂਰਵਕ ਰਿਪੋਰਟ ਤਿਆਰ ਕਰਕੇ ਲਿਆਉਣਗੇ ਅਤੇ ਹੁਣ ਤੱਕ ਮੰਗੀ ਗਈ ਸੂਚਨਾ ਕਿਉਂ ਨਹੀਂ ਦਿੱਤੀ ਗਈ ਸਬੰਧੀ ਆਪਣਾ ਸਪਸ਼ੱਟੀਕਰਨ ਲੈ ਕੇ ਅਗਲੀ ਮਿਤੀ ਤੇ ਖੁੱਦ ਪੇਸ਼ ਹੋਣਗੇ।ਇਸ ਤਰ੍ਹਾਂ ਦੋਨੋ ਅਧਿਕਾਰੀ ਬੀ.ਡੀ.ਪੀ.ਓ., ਬਲਾਕ ਘੱਲ ਖੁਰਦ ਅਤੇ ਡੀ.ਡੀ.ਪੀ.ਓ. ਫਿਰੋਜ਼ਪਰੁ ਨਿਜੀ ਤੌਰ ਤੇ ਹਾਜ਼ਰ ਹੋਣ। ਇਸ ਹਦਾਇਤ ਨਾਲ ਇਹ ਕੇਸ ਅਗਲੀ ਸੁਣਵਾਈ ਮਿਤੀ 11-03-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

3. ਅਪੀਲਕਰਤਾ ਸ੍ਰੀ ਗੁਰਸੇਵਕ ਸਿੰਘ ਹਾਜ਼ਰ ਹੋਇਆ, ਉਸ ਵਲੋਂ ਦਸਿਆ ਗਿਆ ਕਿ ਉਸਨੂੰ ਅਜੇ ਤੱਕ ਮੰਗੀ ਗਈ ਸੂਚਨਾ ਮੁਹੱਈਆ ਨਹੀਂ ਕਰਵਾਈ ਗਈ।

4. ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਸ੍ਰੀ ਗੁਰਜਿੰਦਰ ਸਿੰਘ, ਬੀ.ਡੀ.ਪੀ.ਓ. ਘੱਲ ਖੁਰਦ ਹਾਜ਼ਰ ਹੋਇਆ, ਉਸ ਵਲੋਂ ਪੱਤਰ ਮਿਤੀ 11-3-2020 ਪੇਸ਼ ਕੀਤਾ ਗਿਆ । ਜ਼ੋ ਮਿਸਲ ਤੇ ਰੱਖ ਲਿਆ ਗਿਆ ਹੈ। ਇਸ ਤੋਂ ਇਲਾਵਾ ਪੀ.ਆਈ.ਓ, ਡੀ.ਡੀ.ਪੀ.ਓ. ਫਿਰੋਜ਼ਪੁਰ ਵਲੋਂ ਈ.ਮੇਲ. ਮਿਤੀ 11-3-2020 ਰਾਹੀਂ ਦਸਿਆ ਗਿਆ ਕਿ ਉਹ ਹਾਜ਼ਰ ਨਹੀਂ ਹੋ ਸਕਦੇ ਇਸ ਲਈ ਬੀ.ਡੀ.ਪੀ.ਓ. ਨੂੰ ਕੇਸ ਦੀ ਪੈਰਵੀ ਲਈ ਹਦਾਇਤ ਕਰ ਦਿੱਤੀ ਗਈ ਹੈ।

5. ਉੱਤਰਦਾਤਾ ਵਲੋਂ ਹਾਜ਼ਰ ਨੁਮਾਇੰਦੇ ਵਲੋਂ ਉਕਤ ਦਰਸਾਏ ਪੱਤਰ ਮਿਤੀ 11-3-2020 ਰਾਹੀਂ ਦਸਿਆ ਗਿਆ ਕਿ ਅਪੀਲਕਰਤਾ ਵਲੋਂ ਮੰਗੀ ਗਈ ਸੂਚਨਾ ਦੇ ਸਬੰਧ ਵਿਚ ਸਰਪੰਚ ਗਰਾਂਮ ਪੰਚਾਇਤ ਘੱਲ ਖੁਰਦ ਵਲੋਂ ਗਰਾਂਮ ਪੰਚਾਇਤ ਦਾ ਰਿਕਾਰਡ ਨਹੀਂ ਦਿੱਤਾ ਜਾ

ਪਰਤੋ ਜੀ----ਚਲਦਾ ਪੰਨਾ/2

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



**ਅਪੀਲ ਕੇਸ ਨੰ:1446 ਆਫ 2019**

ਰਿਹਾ ਜਿਸ ਸਬੰਧੀ ਡੀ.ਡੀ.ਪੀ.ਓ. ਫਿਰੋਜ਼ਪੁਰ ਅਤੇ ਬੀ.ਡੀ.ਪੀ.ਓ. ਵਲੋਂ ਕ੍ਰਮਵਾਰ ਆਪਣੇ ਪੱਤਰ ਮਿਤੀ 12-12-2019 ਅਤੇ ਮਿਤੀ 03-07-2019 ਰਾਹੀਂ ਡਾਇਰੈਕਟਰ ਪੇਡੂ ਵਿਕਾਸ ਅਤੇ ਪੰਚਾਇਤ ਵਿਭਾਗ, ਪੰਜਾਬ, ਮੋਹਾਲੀ ਨੂੰ ਲਿਖਿਆ ਗਿਆ ਹੈ, ਜਿਸ ਸਬੰਧੀ ਮਿਤੀ 16-03-2020 ਨੂੰ ਇਸ ਕੇਸ ਦੀ ਸੁਣਵਾਈ ਹੈ। ਇਸ ਲਈ ਡਾਇਰੈਕਟਰ ਪੇਡੂ ਵਿਕਾਸ ਅਤੇ ਪੰਚਾਇਤ ਵਿਭਾਗ, ਪੰਜਾਬ, ਮੋਹਾਲੀ ਵਲੋਂ ਜੋ ਫੈਸਲਾ ਕੀਤਾ ਗਿਆ ਉਸ ਮੁਤਾਬਿਕ ਬਣਦੀ ਕਾਰਵਾਈ ਕੀਤੀ ਜਾਵੇਗੀ। ਇਸ ਲਈ ਸਮੇ ਦੀ ਮੰਗ ਕੀਤੀ ਗਈ ਜਿਸਨੂੰ ਪ੍ਰਵਾਨ ਕਰਦੇ ਹੋਏ ਇਹ ਅਪੀਲ ਕੇਸ **ਅਗਲੀ ਸੁਣਵਾਈ ਲਈ ਮਿਤੀ 01-04-2020 ਨੂੰ ਸਵੇਰੇ 11.30 ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)
**ਮਿਤੀ: ਚੰਡੀਗੜ੍ਹ, 11 ਮਾਰਚ, 2020.** ਰਾਜ ਸੂਚਨਾ ਕਮਿਸ਼ਨਰ, ਪੰਜਾਬ।

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ੍ਰੀ ਹਰਬੰਸ ਸਿੰਘ ਪੁੱਤਰ ਸ੍ਰੀ ਗੁਰਚਰਨ ਸਿੰਘ, 9592133456
ਪੱਤੀ ਚਾਹਲਾਂ, ਪਿੰਡ ਅਤੇ ਡਾਕਖਾਨਾ ਭਵਾਨੀਗੜ੍ਹ, ਜ਼ਿਲ੍ਹਾ ਸੰਗਰੂਰ। ------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਫਸਰ,
ਐਸ.ਐਸ.ਪੀ., ਸੰਗਰੂਰ।

ਪਹਿਲੀ ਅਪੀਲੀ ਅਥਾਰਟੀ,
ਆਈ.ਜੀ.ਪੀ. ਜ਼ੋਨ 1, ਪਟਿਆਲਾ। ------ਉੱਤਰਦਾਤਾ

**ਅਪੀਲ ਕੇਸ ਨੰ:4436 ਆਫ 2019**

**ਹਾਜ਼ਰ:**

1. ਅਪੀਲਕਰਤਾ ਕੋਈ ਨਹੀਂ।
2. ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਸ੍ਰੀ ਅਜਾਇਬ ਸਿੰਘ.ਐਸ.ਆਈ.(8054545411)

**ਹੁਕੱਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 16-8-2019, ਲੋਕ ਸੂਚਨਾ ਅਧਿਕਾਰੀ ਐਸ.ਐਸ.ਪੀ., ਸੰਗਰੂਰ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਐਸ.ਐਸ.ਪੀ. ਸੰਗਰੂਰ ਤੋ ਹੈਰੀਟੇਜ਼ ਪਬਲਿਕ ਸਕੂਲ ਦੇ ਸਟਾਫ ਵਲੋਂ ਮਿਤੀ 12-4-2019 ਅਤੇ 18-4-2019 ਨੂੰ ਉਸਦੇ ਖਿਲਾਫ ਕੀਤੀਆਂ ਕੰਪਲੇਟਾਂ ਦੀਆਂ ਕਾਪੀਆਂ ਸਬੰਧੀ ਸੂਚਨਾ ਦੀ ਮੰਗ ਕੀਤੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 19-9-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 29-11-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 08-01-2020 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 17-02-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।ਇਸ ਉਪਰੰਤ ਮਿਤੀ 17-1-2020 ਨੂੰ ਜ਼ਾਰੀ ਨੋਟਿਸ ਰਾਹੀਂ ਇਹ ਕੇਸ ਮੁਲਤਵੀ ਕਰਕੇ ਅਗਲੀ ਮਿਤੀ 24-02-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਪਿਛਲੀ ਮਿਤੀ 24-02-2020 ਨੂੰ ਅਪੀਲਕਰਤਾ ਸ੍ਰੀ ਹਰਬੰਸ ਸਿੰਘ ਹਾਜ਼ਰ ਹੋਇਆ, ਉਸ ਵਲੋਂ ਦਸਿਆ ਗਿਆ ਕਿ ਉਸਨੂੰ ਅਜੇ ਤੱਕ ਮੰਗੀ ਗਈ ਸੂਚਨਾ ਨਹੀਂ ਦਿੱਤੀ ਗਈ। ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਸ੍ਰੀ ਕੁਲਦੀਪ ਸਿੰਘ ਏ.ਐਸ.ਆਈ. ਹਾਜ਼ਰ ਹੋਇਆ, ਉਸ ਵਲੋਂ ਪੱਤਰ ਨ: 8 ਆਰ.ਟੀ.ਆਈ. ਮਿਤੀ 22-2-2020 ਪੇਸ਼ ਕੀਤਾ ਗਿਆ, ਜ਼ੋ ਕਮਿਸ਼ਨ ਨੂੰ ਸੰਬੋਧਤ ਸੀ ਰਾਹੀਂ ਦਸਿਆ ਗਿਆ ਕਿ ਅਪੀਲਕਰਤਾ ਵਲੋਂ ਮੰਗੀਆਂ ਗਈਆਂ ਦਰਖਾਸਤਾਂ ਸਬੰਧੀ ਕਾਰਵਾਈ ਮੁਕੰਮਲ ਨਾ ਹੋਣ ਬਾਰੇ ਜਾਣੂ ਕਰਵਾਇਆ ਜਾ ਚੁੱਕਾ ਹੈ। ਇਸ ਤਰ੍ਹਾਂ ਉਸ ਦੀਆਂ ਦਰਖਾਸਤਾਂ ਤੇ ਕਾਰਵਾਈ ਪੈਡਿੰਗ ਹੈ। ਉੱਤਰਦਾਤਾ ਵਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਅਪੀਲਕਰਤਾ ਨੂੰ ਉਸਦੀਆਂ ਦਰਖਾਸਤਾਂ ਇਸ ਲਈ ਨਹੀਂ ਦਿੱਤੀਆਂ ਜਾ ਰਹੀਆਂ ਕਿਉਂਜੋ ਉਸਦੀਆਂ ਦਰਖਾਸਤਾਂ ਤੇ ਕਾਰਵਾਈ ਪੈਡਿੰਗ ਹੈ। ਜਦੋਂ ਕਿ ਅਪੀਲਕਰਤਾ ਵਲੋਂ ਆਰ.ਟੀ.ਆਈ. ਅਰਜੀ ਰਾਹੀਂ ਉਸ ਵਿਰੁੱਧ ਅਮਨਦੀਪ ਕੌਰ ਅਤੇ ਅੰਜੂ ਸਚਦੇਵਾ ਅਤੇ ਸਟਾਫ ਵਲੋਂ 12-4-2019 ਅਤੇ 18-4-2019 ਦੋਰਾਨ ਕੀਤੀਆਂ ਗਈਆਂ ਸਿਕਾਇਤਾਂ ਦੀ ਕਾਪੀ ਦੀ ਮੰਗ ਕੀਤੀ ਗਈ ਸੀ। ਮਹਿਕਮੇ ਵਲੋਂ ਇਨ੍ਹਾਂ ਸ਼ਿਕਾਇਤਾਂ ਤੇ ਕਾਰਵਾਈ ਪੈਡਿੰਗ ਹੋਣ ਕਾਰਨ ਸ਼ਿਕਾਇਤਾਂ ਦੀ ਕਾਪੀ ਨਹੀਂ ਦਿੱਤੀ ਜਾ ਰਹੀ। ਕਿਉਂਜੋ ਅਪੀਲਕਰਤਾ ਵਲੋਂ ਪ੍ਰਾਪਤ ਹੋਈਆਂ ਸ਼ਿਕਾਇਤਾਂ ਦੀ ਕਾਪੀ ਮੰਗੀ ਗਈ ਹੈ ਨਾਂ ਕਿ ਕਾਰਵਾਈ ਰਿਪੋਰਟ। ਇਸ ਲਈ ਐਸ.ਐਸ.ਪੀ. ਸੰਗਰੂਰ ਨੂੰ ਹਦਾਇਤ ਕੀਤੀ ਗਈ ਸੀ ਕਿ, ਡੀ.ਐਸ.ਪੀ. ਭਵਾਨੀਗੜ੍ਹ ਪਾਸੋਂ ਸ਼ਿਕਾਇਤਾਂ ਦੀ ਕਾਪੀ ਪ੍ਰਾਪਤ ਕਰਕੇ ਅਗਲੀ ਮਿਤੀ ਤੋਂ ਪਹਿਲਾਂ ਪਹਿਲਾਂ ਸ਼ਿਕਾਇਤਾਂ ਦੀਆਂ ਕਾਪੀਆਂ ਅਪੀਲਕਰਤਾ ਨੂੰ ਦਿੱਤੀਆਂ ਜਾਣ। ਇਸ ਹਦਾਇਤ ਨਾਲ ਇਹ ਕੇਸ ਅਗਲੀ ਸੁਣਵਾਈ ਮਿਤੀ 11-03-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

3. ਅਪੀਲਕਰਤਾ ਵਲੋਂ ਕੋਈ ਹਾਜ਼ਰ ਨਹੀਂ ਹੋਇਆ ਅਤੇ ਨਾਂ ਹੀ ਹਾਜ਼ਰ ਨਾ ਹੋਣ ਬਾਰੇ ਕੋਈ ਜਾਣਕਾਰੀ ਪ੍ਰਾਪਤ ਹੋਈ ਹੈ।

4. ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਸ੍ਰੀ ਅਜਾਇਬ ਸਿੰਘ.ਐਸ.ਆਈ. ਹਾਜ਼ਰ ਹੋਇਆ, ਉਸ ਵਲੋਂ ਪੱਤਰ ਨੰ: 08 ਆਰ.ਟੀ.ਆਈ. ਮਿਤੀ 10-03-2020 ਪੇਸ਼ ਕੀਤਾ ਗਿਆ। ਪੱਤਰ ਮਿਸਲ ਤੇ ਰੱਖ ਲਿਆ ਗਿਆ ਹੈ।

5. ਉੱਤਰਦਾਤਾ ਵਲੋਂ ਹਾਜ਼ਰ ਨੁਮਾਇੰਦੇ ਵਲੋਂ ਦਸਿਆ ਗਿਆ ਕਿ ਅਪੀਲਕਰਤਾ ਨੂੰ ਮੰਗੀ ਗਈ ਜਾਣਕਾਰੀ /ਦਰਖਾਸਤਾਂ ਦੀਆਂ ਨਕਲਾਂ ਮਿਤੀ 6-3-2020 ਨੂੰ ਮੁਹੱਈਆ ਕਰਵਾ ਦਿੱਤੀਆਂ ਗਈਆਂ ਹਨ, ਪ੍ਰਾਰਥੀ ਹਰਬੰਸ ਸਿੰਘ ਵਲੋਂ ਨਕਲਾਂ ਹਾਸਲ ਕਰਕੇ ਆਪਣੇ ਵਲੋਂ ਕੀਤੀ ਗਈ ਅਪੀਲ ਦਾਖਲ ਦਫਤਰ ਕਰਨ ਦੀ ਬੇਨਤੀ ਕੀਤੀ ਗਈ ਹੈ। ਜਿਸਦੀ ਕਾਪੀ ਪੱਤਰ ਨਾਲ ਨੱਥੀ ਹੈ। ਇਸ ਲਈ ਇਸ ਕੇਸ ਵਿਚ ਹੋਰ ਕਿਸੇ ਕਾਰਵਾਈ ਦੀ ਲੋੜ ਨਹੀਂ । ਇਹ ਅਪੀਲ ਕੇਸ ਦਾਖਲ ਦਫਤਰ ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**

**ਮਿਤੀ:** **ਚੰਡੀਗੜ੍ਹ,** 11 ਮਾਰਚ, 2020. **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਗਗਨਦੀਪ ਸਿੰਘ ਜੰਜੂਆ 9780643243
ਪਿੰਡ ਤੂਰਾ ਡਾਕਖਾਨਾ ਖੁੰਭ ਤਹਿਸੀਲ ਅਮਲੋਹ ।
ਫਤਿਹਗੜ ਸਾਹਿਬ। ----ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਐਸ.ਡੀ.ਐਮ ਬੰਗਾ ਜਿਲਾ ਐਸ.ਬੀ.ਐਸ ਨਗਰ।
ਪਹਿਲੀ ਅਪੀਲੀ ਅਥਾਰਟੀ,
ਦਫਤਰ ਐਸ.ਡੀ.ਐਮ ਬੰਗਾ ਜਿਲਾ ਐਸ.ਬੀ.ਐਸ ਨਗਰ। ---------ਉੱਤਰਦਾਤਾ

**ਅਪੀਲ ਕੇਸ ਨੰ: 3477/2019**

**ਹਾਜ਼ਰ:-**

1) ਅਪੀਲਕਰਤਾ ਵਲੋਂ ਕੋਈ ਨਹੀ ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਕੰਵਰ ਨਰਿੰਦਰ ਸਿੰਘ ਸਬ ਰਜਿਸਟਰਾਰ ਲੁਧਿਆਣਾ (ਪੱਛਮੀ)

**ਹੁੱਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 20-06- 2019, **ਲੋਕ ਸੂਚਨਾ ਅਧਿਕਾਰੀ,** ਦਫਤਰ ਐਸ.ਡੀ.ਐਮ ਬੰਗਾ ਜਿਲਾ ਐਸ.ਬੀ.ਐਸ ਨਗਰ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਵਲੋਂ ਦਫਤਰ ਉੱਪ ਮੰਡਲ ਮੈਜਿਸਟਰੇਟ ਬੰਗਾ, ਵਲੋਂ ਪਿੰਡ ਪੱਦੀ ਮੱਠ ਵਾਲੀ ਦੇ ਮੱਠ 108 ਸੁਆਮੀ ਗਭੀਰ ਨਾਥ ਪਰਬਤ ਜੀ, ਦੇ ਮੋਹਤਮਿਮ ਮੰਹਤ ਸ੍ਰੀ ਪੱਦੀਮੱਠਆਦਿਪਤੀ ਮਹਾਂਮੰਡਲੇਸ਼ਵਰ ਵੇਦਾਂਤਆਚਾਰੀਆ ਸੁਆਮੀ ਸ੍ਰੀ ਸ਼ੰਕਰਾਨੰਦ ਪਰਬਤ ਜੀ ਮਹਾਰਾਜ ਦੇ ਖਿਲਾਫ ਚਲੱ ਰਹੀ ਕਾਰਵਾਈ ਚ ਤਹਿਸੀਲਦਾਰ ਬੰਗਾ ਵੱਲ ਆਪਣੇ ਪੱਤਰ ਨੰਬਰ, 6290/ਰੀਡਰ, ਮਿਤੀ 15-4-2019 ਰਾਹੀਂ ਭੇਜੀ ਰਿਪੋਰਟ ਨਾਲ ਸਬੰਧਤ 02 ਨੁਕਤਿਆਂ ਬਾਰੇ ਸੂਚਨਾ ਦੀ ਮੰਗ ਕੀਤੀ ਸੀ। ਸਬੰਧਤ ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 24-07-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 18-09-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 04-10-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 23-10-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਪਿਛਲੀ ਮਿਤੀ 02-03-2020 ਨੂੰ ਅਪੀਲਕਰਤਾ ਵਲੋਂ ਅੱਜ ਪੇਸ਼ੀ ਤੇ ਕੋਈ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਹਾਜ਼ਰ ਨਾ ਹੋਣ ਬਾਰੇ ਕੋਈ ਸੂਚਨਾ ਪ੍ਰਾਪਤ ਹੋਈ ਹੈ।ਉੱਤਰਦਾਤਾ ( ਲੋਕ ਸੂਚਨਾ ਅਧਿਕਾਰੀ ) ਵਲੋਂ ਵੀ ਕੋਈ ਹਾਜ਼ਰ ਨਹੀਂ ਹੋਇਆ ਅਤੇ ਨਾਂ ਹੀ ਹਾਜਰ ਨਾ ਹੋਣ ਬਾਰੇ ਕੋਈ ਸੂਚਨਾ ਪ੍ਰਾਪਤ ਹੋਈ ਹੈ। ਉੱਤਰਦਾਤਾ ਦੇ ਨਾਲ ਨਾਲ ਸ੍ਰੀ ਕੰਵਰ ਨਰਿੰਦਰ ਸਿੰਘ ਤਹਿਸੀਲਦਾਰ , ਬੰਗਾ (ਹੁਣ ਸਬ ਰਜਿਸਟਰਾਰ ਲੁਧਿਆਣਾ (ਪੱਛਮੀ) ) ਵਲੋਂ ਜਿਸ ਵਲੋਂ ਮੌਕਾ ਵੇਖਿਆ ਗਿਆ ਸੀ ਅਤੇ ਉਕੱਤ ਪੱਤਰ ਮਿਤੀ 15-04-2019 ਰਾਹੀਂ ਰਿਪੋਰਟ ਕੀਤੀ ਗਈ ਸੀ ਉਨ੍ਹਾਂ ਨੂੰ ਹਦਾਇਤ ਕੀਤੀ ਗਈ ਸੀ ਕਿ ਉਹ ਸਪੱਸ਼ਟ ਕਰਨ ਕਿ ਇਹ ਸ਼ਬਦਾਵਲੀ **'ਜਿਸ ਤੋਂ ਜਾਪਦਾ ਹੈ ਕਿ ਉਹ ਆਪਣੀ ਮਰਜੀ ਨਾਲ ਉਕਤ ਡੇਰੇ ਤੇ ਕਾਬਜ਼ ਹੈ'** ਕਿਸ ਆਧਾਰ ਤੇ ਲਿਖਿਆ ਗਿਆ ਸੀ ਅਤੇ ਕਮਿਸ਼ਨ ਪਾਸ ਭੇਜੇ ਗਏ ਨੁਮਾਇੰਦੇ ਨੂੰ ਕਿਸ ਆਧਾਰ ਤੇ ਹਦਾਇਤ ਕੀਤੀ ਗਈ ਸੀ ਕਿ ਕੋਈ ਲਿਖਤੀ ਜਵਾਬ ਨਹੀਂ ਦੇਣਾ।ਇਸ ਲਈ ਉਨ੍ਹਾਂ ਨੂੰ ਅੱਜ ਕਮਿਸ਼ਨ ਦੇ ਸਾਹਮਣੇ ਪੇਸ਼ ਹੋਣ ਸੀ ਪਰ ਉਹ ਹਾਜ਼ਰ ਨਹੀਂ ਹੋਏ। ਇਸ ਦਾ ਸਖਤ ਨੋਟਿਸ ਲੈਂਦੇ ਹੋਏ, ਸ੍ਰੀ ਕੰਵਰ ਨਰਿੰਦਰ ਸਿੰਘ ਤਹਿਸੀਲਦਾਰ, ਬੰਗਾ, (ਹੁਣ ਸਬ ਰਜਿਸਟਰਾਰ ਲੁਧਿਆਣਾ (ਪੱਛਮੀ) ਨੂੰ ਮੁੱੜ ਹਦਾਇਤ ਕੀਤੀ ਜਾਂਦੀ ਹੈ ਕਿ ਉਕਤ ਕੇਸ ਨਾਲ ਸਬੰਧਤ ਰਿਕਾਰਡ ਸਹਿਤ ਮਿਤੀ 11-3-2020 ਨੂੰ ਹਰ ਹਾਲਤ ਵਿਚ ਹਾਜ਼ਰੀ ਯਕੀਨੀ ਬਣਾਈ ਜਾਵੇ। ਇਸ ਦੇ ਨਾਲ ਹੀ ਉੱਤਰਦਾਤਾ ( ਲੋਕ ਸੂਚਨਾ ਅਧਿਕਾਰੀ ) ਐਸ.ਡੀ.ਐਮ. ਬੰਗਾ, ਜਿਲਾ ਐਸ.ਬੀ.ਐਸ. ਨਗਰ, ਨੂੰ ਹਦਾਇਤ ਕੀਤੀ ਗਈ ਸੀ ਕਿ ਇਸ ਕੇਸ ਵਿਚ ਸਬਧਤ ਕਰਮਚਾਰੀ ਨੂੰ ਰਿਕਾਰਡ ਸਹਿਤ ਅਗਲੀ ਪੇਸ਼ੀ ਮਿਤੀ 11-3-2020 ਨੂੰ ਹਾਜ਼ਰ ਹੋਣ ਲਈ ਹਦਾਇਤ ਕੀਤੀ ਜਾਵੇ। ਇਸ ਹਦਾਇਤ ਨਾਲ ਇਹ ਅਪੀਲ ਕੇਸ ਅਗਲੀ ਸੁਣਵਾਈ ਲਈ ਮਿਤੀ 11-03-2020 ਨੂੰ ਸਵੇਰੇ 11.30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

3. ਅਪੀਲਕਰਤਾ ਵਲੋਂ ਕੋਈ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਹਾਜ਼ਰ ਨਾ ਹੋਣ ਬਾਰੇ ਕੋਈ ਜਾਣਕਾਰੀ ਪ੍ਰਾਪਤ ਹੋਈ ਹੈ।

ਪਰਤੋ ਜੀ-----ਚਲਦਾ ਪੰਨਾ/2

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



**ਅਪੀਲ ਕੇਸ ਨੰ: 3477/2019**

4. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਕੰਵਰ ਨਰਿੰਦਰ ਸਿੰਘ ਸਬ ਰਜਿਸਟਰਾਰ ਲੁਧਿਆਣਾ (ਪੱਛਮੀ) ਹਾਜ਼ਰ ਹੋਏ, ਉਨ੍ਹਾਂ ਵਲੋਂ ਪੱਤਰ ਮਿਤੀ 11-3-2020 ਪੇਸ਼ ਕੀਤਾ ਗਿਆ ਜ਼ੋ ਕਮਿਸ਼ਨ ਨੂੰ ਸੰਬੋਧਤ ਹੈ। ਮਿਸਲ ਤੇ ਰੱਖ ਲਿਆ ਗਿਆ ਹੈ।

5. ਸ੍ਰੀ ਕੰਵਰ ਨਰਿੰਦਰ ਸਿੰਘ , ਤਹਿਸੀਲਦਾਰ, ਬੰਗਾ, (ਹੁਣ ਸਬ ਰਜਿਸਟਰਾਰ ਲੁਧਿਆਣਾ (ਪੱਛਮੀ) ਕਮਿਸ਼ਨ ਦੇ ਹੁਕੱਮਾਂ ਦੀ ਪਾਲਣਾ ਕਰਦੇ ਹੋਏ ਅੱਜ ਪੇਸ਼ੀ ਤੇ ਹਾਜ਼ਰ ਹੋਇਆ । ਉਸ ਵਲੋਂ ਪੇਸ਼ ਕੀਤੇ ਗਏ ਪੱਤਰ ਮਿਤੀ 11-3-2020 ਰਾਹੀਂ ਸਥਿਤੀ ਸਪਸ਼ੱਟ ਕਰਦੇ ਹੋਏ ਦਸਿਆ ਗਿਆ ਕਿ ਜਿਸ ਸਮੇ ਉਹ ਬਤੋਰ ਤਹਿਸੀਲਦਾਰ , ਬੰਗਾ, ਜਿਲਾ ਨਵਾਂ ਸਹਿਰ ਵਿਖੇ ਤੈਨਾਤ ਸੀ ਉਕਤ ਕੇਸ ਵਿਚ ਉਚ ਅਧਿਕਾਰੀਆਂ ਵਲੋਂ ਉਸਦੀ ਡਿਊਟੀ ਉਕਤ ਕੇਸ ਵਿਚ ਪਿੰਡ ਪੱਦੀ ਮੱਟਵਾਲੀ ਵਿਖੇ ਸਥਿਤ ਸੇਵਾ ਮੱਠ ਮੰਦਰ ਦਾ ਮੌਕਾ ਵੇਖ ਕੇ ਰਿਪੋਰਟ ਕਰਨ ਲਈ ਆਦੇਸ਼ ਦਿੱਤੇ ਗਏ ਸਨ। ਇਸ ਸਬੰਧ ਵਿਚ ਉਸਨੇ ਮਿਤੀ 3-4-2019 ਨੂੰ ਮੌਕਾ ਦੇਖਿਆ ਅਤੇ ਮੌਕੇ ਮੁਤਾਬਿਕ ਲੌਕਾਂ ਦਾ ਇਕੱਠ ਸੀ। ਉਥੇ ਮੌਜੂਦ ਲੌਕਾਂ ਨੇ ਦੱਸਿਆ ਕਿ ਉਹ ਧਿਰ ਆਪਣੀ ਮਰਜੀ ਨਾਲ ਡੇਰੇ ਤੇ ਕਾਬਿਜ ਹੈ, ਪਰ ਇਸ ਸਬੰਧੀ ਦੂਜੀ ਧਿਰ ਨੇ ਕੁਝ ਨਹੀਂ ਕਿਹਾ । ਉਸ ਵਲੋਂ ਕਿਸੇ ਦੇ ਬਿਆਨ ਰਿਕਾਰਡ ਨਹੀਂ ਕੀਤੇ ਸਾਰਾ ਪਿੰਡ ਇਕੋ ਬੋਲੀ ਬੋਲ ਰਿਹਾ ਸੀ, ਜਿਸ ਆਧਾਰ ਤੇ ਹੀ ਮਿਤੀ 15-4-2019 ਨੂੰ ਕੀਤੀ ਗਈ ਰਿਪੋਰਟ ਵਿਚ ਇਹ ਸ਼ਬਦਾਵਲੀ ਲਿਖੀ ਗਈ ਕਿ ਇਸ ਡੇਰੇ ਤੇ ਉਹ ਆਪਣੀ ਮਰਜੀ ਨਾਲ ਕਾਬਜ ਹੈ। ਇਸ ਵਿਚ ਉਸਦੀ ਕੋਈ ਮੰਦ ਭਾਵਨਾ ਜਾਂ ਕਿਸੇ ਨੂੰ ਲਾਭ ਪੰਹੁਚਾਣਾ ਨਹ੍ਹੀਂ ਸੀ। ਇਸ ਤਰ੍ਹਾਂ ਇਸ ਕੇਸ ਵਿਚ ਹੋਰ ਕਿਸੇ ਕਾਰਵਾਈ ਦੀ ਲੋੜ ਨਹੀਂ। ਇਹ **ਅਪੀਲ ਕੇਸ ਦਾਖਲ ਦਫਤਰ** ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)
**ਮਿਤੀ: ਚੰਡੀਗੜ੍ਹ**, 11, **ਮਾਰਚ**, 2020. **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**ਕਾਪੀ: ਸ੍ਰੀ ਕੰਵਰ ਨਰਿੰਦਰ ਸਿੰਘ ਸਬ ਰਜਿਸਟਰਾਰ ਲੁਧਿਆਣਾ (ਪੱਛਮੀ) ਮਾਰਫਤ ਡਿਪਟੀ ਕਮਿਸ਼ਨਰ, ਲੁਧਿਆਣਾ ।**